Scottish Government
Riaghaltas na h-Alba

# ਆਰਗਨ ਟਰਾਂਸਪਲਾਂਟ ਤੋਂ ਬਾਅਦ ਦੇਖਭਾਲ ਅਤੇ ਸਹਾਇਤਾ ਬਾਰੇ ਸਰਵੇਖਣ

**ਖੁ ਣ ਦੀ ਮਤਿੀ: 25 ਸਤੰਬਰ 2023**

**ਬੰਦ ਹੋਣ ਦੀ ਮਤਿੀ: 29 ਦਸੰਬਰ 2023**

**ਸੰਖੇਪ ਜਾਣਕਾਰੀ**

ਮਾਰਚ 2021 ਵਿੱਚ, ਸਕਾਟਿਸ਼ ਸਰਕਾਰ ਨੇ Scotland ਲਈ ਆਪਣੀ ਦਾਨ ਅਤੇ ਟ੍ਰਾਂਸਪਲਾਂਟੇਸ਼ਨ ਯੋਜਨਾ: 2021-2026 ਨੂੰ ਪ੍ਰਕਾਸ਼ਿਤ ਕੀਤਾ ਹੈ।

ਇਹ ਯੋਜਨਾ ਸਕਾਟਿਸ਼ ਡੋਨੇਸ਼ਨ ਅਤੇ ਟ੍ਰਾਂਸਪਲਾਂਟ ਗਰੁੱਪ (SDTG) ਦੇ ਮੈਂਬਰਾਂ ਨਾਲ ਤਿਆਰ ਕੀਤੀ ਗਈ ਸੀ ਅਤੇ ਇਹ ਸੱਤ ਪ੍ਰਮੁੱਖ ਤਰਜੀਹੀ ਖੇਤਰਾਂ ਵਿੱਚ ਸਿਫ਼ਾਰਸ਼ਾਂ ਨਿਰਧਾਰਤ ਕਰਦੀ ਹੈ। ਮੁੱਖ ਤਰਜੀਹਾਂ ਵਿੱਚੋਂ ਇੱਕ ਟ੍ਰਾਂਸਪਲਾਂਟ ਪ੍ਰਾਪਤਕਰਤਾ ਦੀ ਸਹਾਇਤਾ ਅਤੇ ਬਾਅਦ ਦੀ ਦੇਖਭਾਲ ਕਰਨਾ ਹੈ।

ਇਹ ਸਰਵੇਖਣ SDTG ਦੇ ਕਾਰਜਕਾਰੀ ਸਮੂਹ ਦੁਆਰਾ ਤਿਆਰ ਕੀਤਾ ਗਿਆ ਹੈ ਅਤੇ ਇਸਦਾ ਉਦੇਸ਼ Scotland ਵਿੱਚ ਟ੍ਰਾਂਸਪਲਾਂਟ ਸੇਵਾਵਾਂ 'ਤੇ ਮਰੀਜ਼ਾਂ ਦੇ ਵਿਚਾਰਾਂ ਦੀ ਇੱਕ ਨਵੀਨਤਮ ਤਸਵੀਰ ਹਾਸਲ ਕਰਨਾ ਹੈ।

NHS ਨੈਸ਼ਨਲ ਸਰਵਿਸਿਜ਼ ਡਿਵੀਜ਼ਨ (NSD) Scotland ਵਿੱਚ ਰਹਿੰਦੇ ਲੋਕਾਂ ਲਈ ਟ੍ਰਾਂਸਪਲਾਂਟ ਸੇਵਾਵਾਂ ਦੀ ਸ਼ੁਰੂਆਤ ਕਰਦਾ ਹੈ। 2020 ਵਿੱਚ, NSD ਵੱਲੋਂ ਕਰਵਾਏ ਗਏ ਮਰੀਜ਼ ਸਰਵੇਖਣ ਨੇ ਕਈ ਅਜਿਹੇ ਖੇਤਰਾਂ ਦੀ ਪਛਾਣ ਕੀਤੀ ਜਿੱਥੇ ਮਰੀਜ਼ ਦੇ ਅਨੁਭਵ ਵਿੱਚ ਸੁਧਾਰ ਕੀਤਾ ਜਾ ਸਕਦਾ ਹੈ। ਇਹਨਾਂ ਵਿੱਚ ਟ੍ਰਾਂਸਪਲਾਂਟ ਇਕਾਈਆਂ, ਸਥਾਨਕ ਮਾਹਰਾਂ, GPs ਅਤੇ ਮਰੀਜ਼ਾਂ ਵਿਚਕਾਰ ਸੰਚਾਰ; ਜਾਣਕਾਰੀ ਅਤੇ ਸਲਾਹ ਦੀ ਉਪਲਬਧਤਾ; ਅਤੇ ਮਰੀਜ਼ਾਂ ਅਤੇ ਉਹਨਾਂ ਦੇ ਪਰਿਵਾਰਾਂ ਲਈ ਭਾਵਨਾਤਮਕ ਅਤੇ ਮਨੋਵਿਗਿਆਨਕ ਸਹਾਇਤਾ ਤੱਕ ਪਹੁੰਚ ਸ਼ਾਮਲ ਹੈ।

ਮਹਾਂਮਾਰੀ ਦੇ ਦੌਰਾਨ, ਬਹੁਤ ਸਾਰੀਆਂ ਸੇਵਾਵਾਂ ਨੇ ਮਰੀਜ਼ਾਂ ਨੂੰ ਦੇਖਣ ਦੇ ਨਵੇਂ ਤਰੀਕੇ ਅਪਣਾਏ ਹਨ, ਦੂਰ ਸਥਾਨਾਂ ਤੋਂ ਨਿਗਰਾਨੀ ਅਤੇ ਦੂਰੋਂ/ਆਨਲਾਈਨ ਸਲਾਹ-ਮਸ਼ਵਰਿਆਂ ਦੀ ਪੇਸ਼ਕਸ਼ ਕੀਤੀ ਹੈ। ਹਾਲਾਂਕਿ ਇਸ ਨੇ ਹਸਪਤਾਲ ਦੀਆਂ ਮੁਲਾਕਾਤਾਂ ਸੰਬੰਧੀ ਸਫਰ ਕਰਨ ਦੀ ਜ਼ਰੂਰਤ ਨੂੰ ਘਟਾ ਦਿੱਤਾ, ਪਰ ਟ੍ਰਾਂਸਪਲਾਂਟ ਦੇ ਮਰੀਜ਼ਾਂ 'ਤੇ ਇਹਨਾਂ ਤਬਦੀਲੀਆਂ ਦੇ ਪ੍ਰਭਾਵ ਦੀ ਪੜਚੋਲ ਕਰਨਾ ਮਹੱਤਵਪੂਰਨ ਹੈ।

## ਤੁਹਾਡੇ ਵਿਚਾਰ ਕਿਉਂ ਮਾਇਨੇ ਰੱਖਦੇ ਹਨ

ਮਰੀਜ਼ਾਂ ਦੀ ਫੀਡਬੈਕ ਇਹ ਯਕੀਨੀ ਬਣਾਉਣ ਲਈ ਜ਼ਰੂਰੀ ਹੈ ਕਿ ਕੀ ਟ੍ਰਾਂਸਪਲਾਂਟ ਸੇਵਾਵਾਂ ਆਪਣੇ ਮਰੀਜ਼ਾਂ ਦੀਆਂ ਲੋੜਾਂ ਨੂੰ ਪੂਰਾ ਕਰ ਰਹੀਆਂ ਹਨ ਜਾਂ ਨਹੀਂ।

ਅਸੀਂ ਇਹ ਸਰਵੇਖਣ ਠੋਸ ਅੰਗ ਟ੍ਰਾਂਸਪਲਾਂਟ ਵਾਲੇ ਸਕਾਟਿਸ਼ ਪ੍ਰਾਪਤਕਰਤਾਵਾਂ ਦੇ ਵਿਚਾਰ ਜਾਣਨ ਲਈ ਕਰ ਰਹੇ ਹਾਂ। ਇਸ ਵਿੱਚ ਉਹ ਲੋਕ ਸ਼ਾਮਲ ਹਨ ਜਿਨ੍ਹਾਂ ਨੇ ਹੇਠ ਲਿਖੇ ਅੰਗਾਂ ਵਿੱਚੋਂ ਕਿਸੇ ਇੱਕ ਦਾ ਟ੍ਰਾਂਸਪਲਾਂਟ ਕਰਵਾਇਆ ਹੈ:

- ਦਿਲ
- ਫੇਫੜੇ
- ਗੁਰਦੇ
- ਜਿਗਰ
- ਪੈਨਕ੍ਰਿਆਸ
- ਸਮਕਾਲੀ ਪੈਨਕ੍ਰਿਆਸ-ਗੁਰਦੇ
- ਸਮਕਾਲੀ ਆਈਲੇਟ-ਗੁਰਦੇ
- ਆਈਲੇਟ ਸੈੱਲ

ਅਸੀਂ ਟ੍ਰਾਂਸਪਲਾਂਟ ਸੇਵਾਵਾਂ ਦੀ ਵਰਤੋਂ ਕਰ ਰਹੇ ਮਰੀਜ਼ਾਂ ਦੇ ਤਜ਼ਰਬਿਆਂ ਦੀ ਪੜਚੋਲ ਕਰਨਾ ਚਾਹੁੰਦੇ ਹਾਂ ਅਤੇ ਇਹ ਗੱਲ ਦੀ ਵੀ ਪੜਚੋਲ ਕਰਨਾ ਚਾਹੁੰਦੇ ਹਾਂ ਕਿ ਕੀ ਕਿਸੇ ਖੇਤਰ ਜਾਂ ਮਾਮਲੇ ਵਿੱਚ ਸੁਧਾਰ ਕਰਨ ਦੀ ਲੋੜ ਹੈ।

ਇਸ ਲਈ ਕਿਰਪਾ ਕਰਕੇ ਜੇ ਤੁਸੀਂ Scotland ਵਿੱਚ ਰਹਿੰਦੇ ਹੋ ਅਤੇ ਤੁਹਾਡੀ ਉਮਰ 16 ਸਾਲ ਜਾਂ ਇਸ ਤੋਂ ਵੱਧ ਹੈ ਅਤੇ ਕਿਸੇ ਮ੍ਰਿਤਕ ਜਾਂ ਜੀਵਤ ਦਾਨੀ ਤੋਂ ਕੋਈ ਅੰਗ ਟ੍ਰਾਂਸਪਲਾਂਟ ਕਰਵਾਇਆ ਹੈ, ਤਾਂ ਹੀ ਇਸ ਸਰਵੇਖਣ ਨੂੰ ਪੂਰਾ ਕਰੋ। ਜਾਂ ਤੁਸੀਂ ਕਿਸੇ ਅਜਿਹੇ ਵਿਅਕਤੀ (ਜਿਵੇਂ ਕਿ ਪਰਿਵਾਰਕ ਸਦੱਸ) ਦੀ ਤਰਫ਼ੋਂ ਵੀ ਇਸ ਨੂੰ ਪੂਰਾ ਕਰ ਸਕਦੇ ਹੋ ਜਿਸਦਾ ਟ੍ਰਾਂਸਪਲਾਂਟ ਹੋਇਆ ਹੈ, ਪਰ ਉਹ ਖੁਦ ਸਰਵੇਖਣ ਨੂੰ ਪੂਰਾ ਕਰਨ ਦੇ ਯੋਗ ਨਹੀਂ ਹੈ।

ਅਸੀਂ ਸਰਵੇਖਣ ਦੇ ਨਤੀਜਿਆਂ ਦਾ ਨਿਰੂਪਣ ਕਰਦੀ ਇੱਕ ਰਿਪੋਰਟ ਤਿਆਰ ਕਰਾਂਗੇ ਜੋ ਸਕਾਟਿਸ਼ ਡੋਨੇਸ਼ਨ ਅਤੇ ਟ੍ਰਾਂਸਪਲਾਂਟ ਗਰੁੱਪ ਅਤੇ ਟ੍ਰਾਂਸਪਲਾਂਟ ਇਕਾਈਆਂ ਨਾਲ ਸਾਂਝੀ ਕੀਤੀ ਜਾਵੇਗੀ। ਸਾਡਾ ਰਿਪੋਰਟ ਵਿੱਚ ਕਿਸੇ ਵੀ ਵਿਅਕਤੀਗਤ ਸਰਵੇਖਣ ਦੇ ਜਵਾਬਾਂ ਨੂੰ ਸ਼ਾਮਲ ਕਰਨ ਦਾ ਇਰਾਦਾ ਨਹੀਂ ਹੈ; ਖਾਸ ਟਿੱਪਣੀਆਂ ਜਾਂ ਸੁਝਾਅ ਸ਼ਾਮਲ ਕੀਤੇ ਜਾ ਸਕਦੇ ਹਨ, ਪਰ ਅਜਿਹਾ ਇਸ ਤਰੀਕੇ ਨਾਲ ਕੀਤਾ ਜਾਵੇਗਾ ਜੋ ਇਹ ਯਕੀਨੀ ਬਣਾਉਂਦਾ ਹੈ ਕਿ ਉਹਨਾਂ ਦੀਆਂ ਟਿੱਪਣੀਆਂ ਤੋਂ ਕਿਸੇ ਵੀ ਵਿਅਕਤੀ ਦੀ ਪਛਾਣ ਨਾ ਕੀਤੀ ਜਾ ਸਕੇ।

ਰਿਪੋਰਟ ਨੂੰ ਸਕਾਟਿਸ਼ ਸਰਕਾਰ ਦੀ ਵੈੱਬਸਾਈਟ https://www.gov.scot/groups/scottish-donation-and-transplant-group 'ਤੇ ਸਕਾਟਿਸ਼ ਡੋਨੇਸ਼ਨ ਅਤੇ ਟ੍ਰਾਂਸਪਲਾਂਟ ਗਰੁੱਪ ਪੰਨੇ 'ਤੇ ਵੀ ਪ੍ਰਕਾਸ਼ਿਤ ਕੀਤਾ ਜਾਵੇਗਾ।

## ਸਰਵੇਖਣ ਪੂਰਾ ਕਰਨਾ

**ਇਸ ਸਰਵੇਖਣ ਨੂੰ ਪੂਰਾ ਕਰਨ ਵਿੱਚ ਲਗਭਗ 10 - 15 ਮਿੰਟ ਲੱਗਣਗੇ।**

ਕਿਰਪਾ ਕਰਕੇ ਸਵਾਲਾਂ ਦੇ ਜਵਾਬ ਆਪਣੇ ਖੁਦ ਦੇ ਤਜ਼ਰਬੇ ਦੇ ਆਧਾਰ 'ਤੇ ਦਿਓ, ਜਾਂ ਜੇ ਤੁਸੀਂ ਕਿਸੇ ਹੋਰ ਦੀ ਤਰਫ਼ੋਂ ਜਵਾਬ ਦੇ ਰਹੇ ਹੋ, ਤਾਂ ਅੰਗ ਟ੍ਰਾਂਸਪਲਾਂਟ ਕਰਵਾਉਣ ਦੇ ਉਨ੍ਹਾਂ ਦੇ ਤਜ਼ਰਬੇ ਦੇ ਆਧਾਰ 'ਤੇ ਜਵਾਬ ਦਿਓ।

ਜੇ ਤੁਸੀਂ ਇੱਕ ਤੋਂ ਵੱਧ ਠੋਸ ਅੰਗ ਟ੍ਰਾਂਸਪਲਾਂਟ ਕਰਾਇਆ ਹੈ, ਤਾਂ ਕਿਰਪਾ ਕਰਕੇ ਹਰੇਕ ਟ੍ਰਾਂਸਪਲਾਂਟ ਅਨੁਭਵ ਲਈ ਇੱਕ ਸਰਵੇਖਣ ਪੂਰਾ ਕਰੋ।

ਸਰਵੇਖਣ ਦੇ ਛੇ ਹਿੱਸੇ ਅਤੇ 31 ਸਵਾਲ ਹਨ। ਜੇ ਤੁਸੀਂ ਨਹੀਂ ਚਾਹੁੰਦੇ ਤਾਂ ਤੁਹਾਨੂੰ ਸਾਰੇ ਸਵਾਲਾਂ ਦੇ ਜਵਾਬ ਦੇਣ ਦੀ ਲੋੜ ਨਹੀਂ ਹੈ।

### ਭਾਗ 1 - ਤੁਹਾਡੇ ਬਾਰੇ

ਇਹ ਭਾਗ ਮਰੀਜ਼ਾਂ ਦੀ ਉਮਰ, ਲਿੰਗ, ਨਸਲੀ ਮੂਲ, ਉਹ NHS ਬੋਰਡ ਦੇ ਕਿਹੜੇ ਖੇਤਰ ਵਿੱਚ ਰਹਿੰਦੇ ਹਨ, ਉਹਨਾਂ ਨੇ ਕਿਹੜੇ ਅੰਗ(ਗਾਂ) ਦਾ ਟ੍ਰਾਂਸਪਲਾਂਟ ਕਰਵਾਇਆ ਹੈ, ਆਦਿ ਬਾਰੇ ਜਾਣਕਾਰੀ ਇਕੱਤਰ ਕਰਨ ਲਈ ਹੈ। ਅਸੀਂ ਇਹ ਜਾਣਕਾਰੀ ਇਸ ਲਈ ਇਕੱਤਰ ਕਰ ਰਹੇ ਹਾਂ ਕਿਉਂਕਿ ਅਸੀਂ ਇਹ ਪਛਾਣ ਕਰਨਾ ਚਾਹੁੰਦੇ ਹਾਂ ਕਿ ਅਸੀਂ ਹੋਰ ਕਿਹੜੇ ਤਰੀਕਿਆਂ ਨਾਲ ਸੇਵਾਵਾਂ ਦੇ ਸਕਦੇ ਹਾਂ ਜੋ ਕਿ ਵਿਅਕਤੀ ਲਈ ਵਧੇਰੇ ਅਨੁਕੂਲ ਹੁੰਦੀਆਂ ਹਨ।

### ਭਾਗ 2 - ਸੰਚਾਰ, ਸਿੱਖਿਆ ਅਤੇ ਸਲਾਹ

ਇਹ ਭਾਗ ਮਰੀਜ਼ਾਂ ਦੇ ਟ੍ਰਾਂਸਪਲਾਂਟ ਬਾਰੇ ਜਾਣਕਾਰੀ ਪ੍ਰਾਪਤ ਕਰਨ ਅਤੇ ਸਲਾਹ ਲੈਣ ਦੇ ਤਰੀਕੇ ਬਾਰੇ ਜਾਣਨ ਦੇ ਅਨੁਭਵਾਂ ਦੀ ਪੜਚੋਲ ਕਰਨ ਲਈ ਹੈ। ਮਰੀਜ਼ਾਂ, ਟ੍ਰਾਂਸਪਲਾਂਟ ਟੀਮਾਂ, ਸਥਾਨਕ ਮਾਹਰਾਂ ਅਤੇ GPs ਵਿਚਕਾਰ ਚੰਗਾ ਸੰਚਾਰ ਹੋਣਾ ਮਹੱਤਵਪੂਰਨ ਹੁੰਦਾ ਹੈ।

### ਭਾਗ 3 - ਭਾਵਨਾਤਮਕ/ਮਨੋਵਿਗਿਆਨਕ ਸਹਾਇਤਾ

ਇਹ ਭਾਗ ਇਹ ਪਤਾ ਪੜਚੋਲ ਕਰਨ ਲਈ ਹੈ ਕਿ ਟ੍ਰਾਂਸਪਲਾਂਟ ਦੇ ਪ੍ਰਾਪਤਕਰਤਾਵਾਂ ਅਤੇ ਉਹਨਾਂ ਦੇ ਭਾਈਵਾਲਾਂ/ਪਰਿਵਾਰਕ ਮੈਬਰਾਂ ਨੂੰ ਕਿਸ ਤਰ੍ਹਾਂ ਦੀ ਭਾਵਨਾਤਮਕ ਸਹਾਇਤਾ ਦੀ ਲੋੜ ਹੈ, ਉਹਨਾਂ ਨੂੰ ਕਿਸ ਤਰ੍ਹਾਂ ਦੀ ਸਹਾਇਤਾ ਮਿਲੀ ਹੈ, ਸਭ ਤੋਂ ਵੱਧ ਮਦਦਗਾਰ ਕੀ ਚੀਜ਼ ਰਹੀ ਹੈ ਅਤੇ ਭਵਿੱਖ ਵਿੱਚ ਕਿਸ ਕਿਸਮ ਦੀ ਸਹਾਇਤਾ ਉਪਲਬਧ ਹੋਣੀ ਚਾਹੀਦੀ ਹੈ।

ਇਹ ਸਮਝਣ ਯੋਗ ਹੁੰਦਾ ਹੈ ਕਿ ਤੁਹਾਨੂੰ ਭਾਵਨਾਤਮਕ ਸਹਾਇਤਾ ਦੇ ਪਹਿਲੂਆਂ ਬਾਰੇ ਸੋਚਣਾ ਮੁਸ਼ਕਲ ਲੱਗ ਸਕਦਾ ਹੈ। ਜੇ ਤੁਸੀਂ ਮਹਿਸੂਸ ਕਰਦੇ ਹੋ ਕਿ ਤੁਹਾਨੂੰ ਕਿਸੇ ਪੇਸ਼ੇਵਰ ਨਾਲ ਗੱਲ ਕਰਨ ਦੀ ਲੋੜ ਹੈ ਤਾਂ ਕਿਰਪਾ ਕਰਕੇ ਸੰਪਰਕ ਕਰੋ:

| ਜਿਸਨੇ ਅੰਗ ਟ੍ਰਾਂਸਪਲਾਂਟ ਕੀਤਾ | ਟ੍ਰਾਂਸਪਲਾਂਟ ਕੋਆਰਡੀਨੇਟਰ |
|---|---|
| • ਗੁਰਦੇ ਦਾ ਟ੍ਰਾਂਸਪਲਾਂਟ | **Renal Transplant Coordinators**<br>**Edinburgh Transplant Unit**<br>**0131 242 1728**<br>**loth.renaltxcoords@nhslothian.scot.nhs.uk** |
| • ਪੈਨਕ੍ਰਿਆਸ ਦਾ ਟ੍ਰਾਂਸਪਲਾਂਟ<br>• ਸਮਕਾਲੀ ਪੈਨਕ੍ਰਿਆਸ-ਗੁਰਦੇ | **Mel Phillips**<br>**Transplant Coordinator**<br>**Edinburgh Transplant Unit**<br>**0131 242 2894**<br>**melanie.b.phillips@nhslothian.scot.nhs.uk** |
| • ਜੀਗਰ ਦਾ ਟ੍ਰਾਂਸਪਲਾਂਟ | **Liver Transplant Coordinators**<br>**Edinburgh Transplant Unit**<br>**0131 242 1721**<br>**SLTU@nhslothian.scot.nhs.uk** |
| • ਆਈਲੇਟ ਸੈੱਲ ਦਾ ਟ੍ਰਾਂਸਪਲਾਂਟ<br>• ਸਮਕਾਲੀ ਆਈਲੇਟ-ਗੁਰਦੇ | **Kirsty Duncan**<br>**Islet Cell Transplant Coordinator**<br>**Edinburgh Transplant Unit**<br>**0131 242 1730**<br>**kirsty.duncan@nhslothian.scot.nhs.uk** |
| • ਦਿਲ ਦਾ ਟ੍ਰਾਂਸਪਲਾਂਟ | **Golden Jubilee National Hospital**<br>**GJNH.Snahfsspecialistnurses@GJNH.scot.nhs.uk** |
| • ਫੇਫੜਿਆਂ ਦਾ ਟ੍ਰਾਂਸਪਲਾਂਟ | **Freeman Hospital**<br>**Newcastle**<br>**nuth.tccu2011@nhs.net** |

## ਭਾਗ 4 - ਟ੍ਰਾਂਸਪਲਾਂਟ ਦੇ ਕੇਂਦਰ ਅਤੇ ਯਾਤਰਾ

ਇਸ ਭਾਗ ਵਿੱਚ ਮਰੀਜ਼ਾਂ ਦੇ ਟਰਾਂਸਪਲਾਂਟ ਕੇਂਦਰ ਤੱਕ ਦੀ ਯਾਤਰਾ ਦੇ ਅਨੁਭਵਾਂ ਦੀ ਪੜਚੋਲ ਹੁੰਦੀ ਹੈ।

## ਭਾਗ 5 - ਟ੍ਰਾਂਸਪਲਾਂਟ ਤੋਂ ਬਾਅਦ ਦੀ ਦੇਖਭਾਲ

Covid-19 ਮਹਾਂਮਾਰੀ ਨੇ ਸੇਵਾਵਾਂ ਦੇਣ ਦੇ ਤਰੀਕੇ ਨੂੰ ਬਦਲ ਦਿੱਤਾ ਹੈ, ਜਿਸ ਵਿੱਚ ਬਹੁਤ ਸਾਰੇ ਟ੍ਰਾਂਸਪਲਾਂਟ ਕੇਂਦਰ 'Near Me' ਵਰਗੀ ਵੀਡੀਓ ਸਲਾਹ-ਮਸ਼ਵਰੇ ਦੀ ਪੇਸ਼ਕਸ਼ ਕਰ ਰਹੇ ਹਨ ਜਾਂ ਕਲੀਨਿਕ ਵਿੱਚ ਆਹਮੋ-ਸਾਹਮਣੇ ਮੁਲਾਕਾਤ ਦੇ ਇੱਕ ਵਿਕਲਪ ਵਜੋਂ ਟੈਲੀਫੋਨ ਸਲਾਹ-ਮਸ਼ਵਰੇ ਦੀ ਪੇਸ਼ਕਸ਼ ਕਰ ਰਹੇ ਹਨ। ਦੂਰੋਂ ਸਲਾਹ-ਮਸ਼ਵਰੇ ਟ੍ਰਾਂਸਪਲਾਂਟ ਦੇ ਮਰੀਜ਼ਾਂ ਲਈ ਸੇਵਾਵਾਂ ਤੱਕ ਪਹੁੰਚ ਨੂੰ ਬਿਹਤਰ ਬਣਾ ਸਕਦੇ ਹਨ ਅਤੇ ਮੁਲਾਕਾਤਾਂ ਲਈ ਯਾਤਰਾ ਦੀ ਲੋੜ ਨੂੰ ਘਟਾ ਸਕਦੇ ਹਨ।

'Near Me' ਇੱਕ ਗੁਪਤ ਅਤੇ ਸੁਰੱਖਿਅਤ ਸੇਵਾ ਹੈ ਜੋ ਮਰੀਜ਼ਾਂ ਨੂੰ ਵੀਡੀਓ ਕਾਲ ਦੀ ਵਰਤੋਂ ਕਰਦਿਆਂ ਆਪਣੀ ਪਹਿਲਾਂ ਤੋਂ ਪ੍ਰਬੰਧ ਕੀਤੀ ਮੁਲਾਕਾਤ ਵਿੱਚ ਸ਼ਿਰਕਤ ਕਰਨ ਦਿੰਦੀ ਹੈ।

ਇਹ ਭਾਗ ਟ੍ਰਾਂਸਪਲਾਂਟ ਦੇ ਮਰੀਜ਼ਾਂ 'ਤੇ ਇਹਨਾਂ ਤਬਦੀਲੀਆਂ ਦੇ ਪ੍ਰਭਾਵ ਬਾਰੇ ਪਤਾ ਲਗਾਉਂਦਾ ਹੈ ਅਤੇ ਭਵਿੱਖ ਵਿੱਚ ਸੇਵਾਵਾਂ ਦੇਣ ਦਾ ਸਭ ਤੋਂ ਵਧੀਆ ਤਰੀਕਾ ਵਿਚਾਰਦਾ ਹੈ।

## ਭਾਗ 6 – ਦੂਰ ਤੋਂ ਨਿਗਰਾਨੀ

ਅੰਗਾਂ ਦੇ ਕੰਮ ਕਰਨ ਦੀ ਜਾਂਚ ਕਰਨ ਅਤੇ ਇਮਿਊਨੋਸਪ੍ਰੈਸੈਂਟ ਦਵਾਈਆਂ ਦੇ ਪੱਧਰ ਦੀ ਜਾਂਚ ਕਰਨ ਲਈ ਖੂਨ ਦੇ ਟੈਸਟਾਂ ਸਮੇਤ, ਟ੍ਰਾਂਸਪਲਾਂਟ ਵਾਲੇ ਮਰੀਜ਼ਾਂ ਦੀ ਨਿਯਮਤ ਤੌਰ 'ਤੇ ਨਿਗਰਾਨੀ ਕਰਨ ਦੀ ਲੋੜ ਹੁੰਦੀ ਹੈ। ਇਸ ਭਾਗ ਵਿੱਚ ਪੋਸਟ-ਟਰਾਂਸਪਲਾਂਟ ਨਿਗਰਾਨੀ ਦੇ ਸਬੰਧ ਵਿੱਚ ਮਰੀਜ਼ਾਂ ਦੀਆਂ ਤਰਜੀਹਾਂ ਦੀ ਪੜਚੋਲ ਕੀਤੀ ਜਾਂਦੀ ਹੈ।

## ਤੁਹਾਡੇ ਹੱਕ

- ਤੁਹਾਡਾ ਇਸ ਸਰਵੇਖਣ ਵਿੱਚ ਹਿੱਸਾ ਲੈਣਾ ਲਾਜ਼ਮੀ ਨਹੀਂ ਹੈ
- ਜੋ ਤੁਸੀਂ ਸਾਨੂੰ ਦੱਸੋਗੇ, ਅਸੀਂ ਉਸ ਨੂੰ ਗੁਪਤ ਰੱਖਾਂਗੇ
- ਤੁਸੀਂ ਸਾਡੇ ਕੋਲ ਤੁਹਾਡੇ ਬਾਰੇ ਰੱਖੀ ਕਿਸੇ ਵੀ ਜਾਣਕਾਰੀ ਨੂੰ ਦੇਖਣ ਲਈ ਕਹਿ ਸਕਦੇ ਹੋ
- ਸਰਵੇਖਣ ਦੇ ਖਤਮ ਹੋਣ ਤੋਂ ਬਾਅਦ ਵੀ, ਤੁਸੀਂ ਸਾਨੂੰ ਉਹ ਜਾਣਕਾਰੀ ਅੱਪਡੇਟ ਕਰਨ ਜਾਂ ਮਿਟਾਉਣ ਲਈ ਕਹਿ ਸਕਦੇ ਹੋ ਜੋ ਤੁਹਾਡੇ ਬਾਰੇ ਅਸੀਂ ਜਾਣਦੇ ਹਾਂ ਅਤੇ ਜੋ ਤੁਸੀਂ ਸਰਵੇਖਣ ਵਿੱਚ ਦੱਸੀ ਹੈ
- ਸਾਡੇ ਵੱਲੋਂ ਪ੍ਰਕਾਸ਼ਿਤ ਕੀਤੀਆਂ ਜਾ ਸਕਦੀਆਂ ਕਿਸੇ ਵੀ ਰਿਪੋਰਟਾਂ ਤੋਂ ਕੋਈ ਵੀ ਵਿਅਕਤੀ ਇਹ ਪਤਾ ਨਹੀਂ ਲਗਾ ਸਕੇਗਾ ਕਿ ਤੁਸੀਂ ਕੌਣ ਹੋ
- ਅਸੀਂ ਸਿਰਫ਼ ਸੇਵਾਵਾਂ ਵਿੱਚ ਸੁਧਾਰਾਂ ਲਈ ਖੋਜ ਅਤੇ ਸਿਫ਼ਾਰਸ਼ਾਂ ਲਈ ਤੁਹਾਡੇ ਵੱਲੋਂ ਸਾਨੂੰ ਦੱਸੀ ਜਾਣਕਾਰੀ ਦੀ ਵਰਤੋਂ ਕਰਾਂਗੇ

## ਇਸ ਸਰਵੇਖਣ ਲਈ ਪ੍ਰਤੀਕਿਰਿਆ ਦਿੰਦੇ ਹੋਏ

**ਅਸੀਂ 29 ਦਸੰਬਰ 2023 ਤੱਕ ਇਸ ਸਰਵੇਖਣ ਲਈ ਜਵਾਬ ਮੰਗ ਰਹੇ ਹਾਂ।**

ਜੇ ਤੁਹਾਨੂੰ ਕਿਸੇ ਵਿਕਲਪਕ ਫਾਰਮੈਟ ਜਾਂ ਕਿਸੇ ਹੋਰ ਭਾਸ਼ਾ ਵਿੱਚ ਸਰਵੇਖਣ ਦੀ ਕਾਪੀ ਦੀ ਲੋੜ ਹੈ, ਤਾਂ ਕਿਰਪਾ ਕਰਕੇ organ_donation_scotland@gov.scot 'ਤੇ ਈਮੇਲ ਕਰੋ ਜਾਂ ਆਪਣੀ ਟ੍ਰਾਂਸਪਲਾਂਟ ਇਕਾਈ ਨਾਲ ਸੰਪਰਕ ਕਰੋ।

ਇਹ ਪਤਾ ਲਗਾਉਣ ਲਈ ਕਿ ਅਸੀਂ ਤੁਹਾਡੇ ਨਿੱਜੀ ਡੇਟਾ ਨੂੰ ਕਿਵੇਂ ਸੰਭਾਲਦੇ ਹਾਂ, ਕਿਰਪਾ ਕਰਕੇ ਪੰਨਾ 7 'ਤੇ ਸਾਡਾ ਗੋਪਨੀਯਤਾ ਨੋਟਿਸ ਦੇਖੋ।

ਤੁਹਾਡਾ ਡੇਟਾ ਕਿਵੇਂ ਸਟੋਰ ਕੀਤਾ ਜਾਵੇਗਾ

ਜਵਾਬ ਸੰਬੰਧੀ ਸਾਰਾ ਡੇਟਾ (ਨਿੱਜੀ ਡੇਟਾ ਨੂੰ ਛੱਡ ਕੇ) ਸਾਡੇ ਰਿਕਾਰਡਾਂ ਲਈ ਅਣਮਿੱਥੇ ਸਮੇਂ ਲਈ ਰੱਖਿਆ ਜਾਂਦਾ ਹੈ। ਹਾਲਾਂਕਿ ਸਕਾਟਿਸ਼ ਸਰਕਾਰ ਦੀ ਡੇਟਾ ਪ੍ਰਬੰਧਨ ਨੀਤੀ ਲਈ ਇਹ ਲੋੜੀਂਦਾ ਹੈ ਕਿ ਤੁਹਾਡਾ ਜਵਾਬ ਤਿੰਨ ਸਾਲਾਂ ਤੋਂ ਵੱਧ ਸਮੇਂ ਲਈ ਨਾ ਰੱਖਿਆ ਜਾਵੇ ਅਤੇ ਇਹ ਉਮੀਦ ਕੀਤੀ ਜਾਂਦੀ ਹੈ ਕਿ ਵਿਅਕਤੀਗਤ ਜਵਾਬਾਂ ਨੂੰ ਸੁਰੱਖਿਅਤ ਢੰਗ ਨਾਲ ਮਿਟਾ ਦਿੱਤਾ ਜਾਵੇਗਾ ਤਾਂ ਜੋ ਕੋਈ ਵੀ ਨਿੱਜੀ ਜਾਣਕਾਰੀ ਲੋੜ ਤੋਂ ਵੱਧ ਸਮਾਂ ਨਾ ਰੱਖੀ ਜਾਵੇ।

**ਇਸ ਸਰਵੇਖਣ ਨੂੰ ਪੂਰਾ ਕਰਨ ਲਈ ਸਮਾਂ ਦੇਣ ਵਾਸਤੇ ਤੁਹਾਡਾ ਧੰਨਵਾਦ।**

Scottish Government
Riaghaltas na h-Alba

# ਆਰਗਨ ਟਰ੍ਹਾਂਸਪਲਾਂਟ ਤੋਂ ਬਾਅਦ ਦੇਖਭਾਲ ਅਤੇ ਸਹਾਇਤਾ ਬਾਰੇ ਸਰਵੇਖਣ

**ਅਸੀਂ ਕੌਣ ਹਾਂ**
ਅਸੀਂ ਸਕਾਟਿਸ਼ ਸਰਕਾਰ ਵਿੱਚ ਲੋਕਾਂ ਦੀ ਸਿਹਤ ਲਈ ਡਾਇਰੈਕਟੋਰੇਟ ਦੇ ਅੰਦਰ ਅੰਗ ਅਤੇ ਟਿਸ਼ੂ ਦਾਨ ਅਤੇ ਟ੍ਰਾਂਸਪਲਾਂਟੇਸ਼ਨ ਨੀਤੀ ਟੀਮ ਹਾਂ। ਸਾਡਾ ਮੁੱਖ ਦਫ਼ਤਰ St Andrew's House, 2 Regent Road, Edinburgh EH1 3DG. ਵਿਖੇ ਸਥਿਤ ਹੈ।

**ਸਾਨੂੰ ਕਿਹੜੀ ਨਿੱਜੀ ਜਾਣਕਾਰੀ ਦੀ ਲੋੜ ਹੁੰਦੀ ਹੈ ਅਤੇ ਕਿਉਂ?**
ਅਸੀਂ Scotland ਵਿੱਚ ਠੋਸ ਅੰਗ ਟ੍ਰਾਂਸਪਲਾਂਟ(ਟਾਂ) ਦੇ ਪ੍ਰਾਪਤਕਰਤਾਵਾਂ ਨੂੰ ਟ੍ਰਾਂਸਪਲਾਂਟ ਤੋਂ ਬਾਅਦ ਦੀ ਦੇਖਭਾਲ ਅਤੇ ਸਹਾਇਤਾ ਦੇ ਉਹਨਾਂ ਦੇ ਅਨੁਭਵਾਂ ਬਾਰੇ ਜਾਣਕਾਰੀ ਦੇਣ ਲਈ ਕਹਿ ਰਹੇ ਹਾਂ।

ਟ੍ਰਾਂਸਪਲਾਂਟ ਸੇਵਾਵਾਂ ਦੁਆਰਾ ਉਹਨਾਂ ਦੇ ਮਰੀਜ਼ਾਂ ਦੀਆਂ ਲੋੜਾਂ ਨੂੰ ਪੂਰਾ ਕਰਨਾ ਯਕੀਨੀ ਬਣਾਉਣ ਲਈ ਇਹਨਾਂ ਵਿਚਾਰਾਂ ਨੂੰ ਪ੍ਰਾਪਤ ਕਰਨਾ ਲਾਜ਼ਮੀ ਹੈ। ਇਹ ਸਰਵੇਖਣ ਲੋਕਾਂ ਨੂੰ ਲਾਭ ਪਹੁੰਚਾਏਗਾ ਕਿਉਂਕਿ ਜਵਾਬ ਉਹਨਾਂ ਖੇਤਰਾਂ ਦੀ ਪਛਾਣ ਕਰਨ ਵਿੱਚ ਮਦਦ ਕਰਨਗੇ ਜਿੱਥੇ ਮਰੀਜ਼ ਦੇ ਅਨੁਭਵ ਨੂੰ ਸੁਧਾਰਿਆ ਜਾ ਸਕਦਾ ਹੈ ਅਤੇ ਸੇਵਾ ਵਿੱਚ ਸੁਧਾਰ ਕੀਤਾ ਜਾ ਸਕਦਾ ਹੈ।

ਇਹ ਸਰਵੇਖਣ ਵਿਅਕਤੀਆਂ ਲਈ ਪੂਰਾ ਕਰਨਾ ਪੂਰੀ ਤਰ੍ਹਾਂ ਵਿਕਲਪਕ ਹੈ ਅਤੇ ਜੇ ਤੁਸੀਂ ਨਹੀਂ ਚਾਹੁੰਦੇ ਹੋ ਤਾਂ ਤੁਹਾਨੂੰ ਸਾਰੇ ਸਵਾਲਾਂ ਦੇ ਜਵਾਬ ਦੇਣ ਦੀ ਲੋੜ ਨਹੀਂ ਹੈ।

**ਤੁਹਾਡੇ ਡੇਟਾ 'ਤੇ ਪ੍ਰਕਿਰਿਆ ਲਈ ਸਾਡਾ ਕਨੂੰਨੀ ਆਧਾਰ ਕੀ ਹੈ?**
ਜਨਰਲ ਡੇਟਾ ਪ੍ਰੋਟੈਕਸ਼ਨ ਰੈਗੂਲੇਸ਼ਨ (GDPR) ਦਾ ਲੇਖ 6(1)(e) ਉਸ ਪ੍ਰੋਸੈਸਿੰਗ ਲਈ ਕਨੂੰਨੀ ਆਧਾਰ ਦਿੰਦਾ ਹੈ ਜਿੱਥੇ "ਲੋਕਾਂ ਦੇ ਹਿੱਤ ਵਿੱਚ ਜਾਂ ਕੰਟਰੋਲਰ ਵਿੱਚ ਨਿਯਤ ਅਧਿਕਾਰਤ ਅਧਿਕਾਰ ਦੀ ਵਰਤੋਂ ਵਿੱਚ ਕੀਤੇ ਗਏ ਕਿਸੇ ਕਾਰਜ ਦੇ ਪ੍ਰਦਰਸ਼ਨ ਲਈ ਪ੍ਰੋਸੈਸਿੰਗ ਜ਼ਰੂਰੀ ਹੈ"।

**ਅਸੀਂ ਤੁਹਾਡੇ ਡੇਟਾ ਨਾਲ ਕੀ ਕਰਦੇ ਹਾਂ**
ਅਸੀਂ ਆਨਲਾਈਨ ਸਰਵੇਖਣ ਵਿੱਚ ਜਾਂ ਈਮੇਲ ਜਾਂ ਪੋਸਟ ਰਾਹੀਂ ਦਰਜ ਕੀਤੇ ਸਵਾਲਾਂ ਦੇ ਤੁਹਾਡੇ ਜਵਾਬਾਂ ਦਾ ਵਿਸ਼ਲੇਸ਼ਣ ਕਰਾਂਗੇ। ਅਸੀਂ ਪ੍ਰਾਪਤ ਜਾਣਕਾਰੀ ਦੀ ਇੱਕ ਰਿਪੋਰਟ ਕੰਪਾਇਲ ਕਰਾਂਗੇ ਜੋ ਉਹਨਾਂ ਖੇਤਰਾਂ ਦੀ ਪਛਾਣ ਕਰਨ ਵਿੱਚ ਮਦਦ ਕਰੇਗੀ ਜਿੱਥੇ ਮਰੀਜ਼ਾਂ ਲਈ ਸੇਵਾਵਾਂ ਵਿੱਚ ਸੁਧਾਰ ਕੀਤਾ ਜਾ ਸਕਦਾ ਹੈ ਅਤੇ ਸੇਵਾ ਵਿੱਚ ਸੁਧਾਰ ਕੀਤਾ ਜਾ ਸਕਦਾ ਹੈ। ਸਾਡਾ ਰਿਪੋਰਟ ਵਿੱਚ ਕਿਸੇ ਵੀ ਵਿਅਕਤੀਗਤ ਸਰਵੇਖਣ ਦੇ ਜਵਾਬਾਂ ਨੂੰ ਸ਼ਾਮਲ ਕਰਨ ਦਾ ਇਰਾਦਾ ਨਹੀਂ ਹੈ; ਖਾਸ ਟਿੱਪਣੀਆਂ ਜਾਂ ਸੁਝਾਅ ਸ਼ਾਮਲ ਕੀਤੇ ਜਾ ਸਕਦੇ ਹਨ, ਪਰ ਅਜਿਹਾ ਇਸ ਤਰੀਕੇ ਨਾਲ ਕੀਤਾ ਜਾਵੇਗਾ ਜੋ ਇਹ ਯਕੀਨੀ ਬਣਾਉਂਦਾ ਹੈ ਕਿ ਉਹਨਾਂ ਦੀਆਂ ਟਿੱਪਣੀਆਂ ਤੋਂ ਕਿਸੇ ਵੀ ਵਿਅਕਤੀ ਦੀ ਪਛਾਣ ਨਾ ਕੀਤੀ ਜਾ ਸਕੇ।

ਜਿੱਥੇ ਨਿੱਜੀ ਡੇਟਾ Citizen Space, ਸਕਾਟਿਸ਼ ਸਰਕਾਰ ਦੇ ਆਨਲਾਈਨ ਸਰਵੇਖਣ ਟੂਲ, ਜਾਂ ਈਮੇਲ ਜਾਂ ਪੱਤਰ ਦੁਆਰਾ ਪ੍ਰਾਪਤ ਕੀਤਾ ਜਾਂਦਾ ਹੈ, ਸਿਰਫ਼ ਸਰਵੇਖਣ ਨੂੰ ਸੂਚਿਤ ਕਰਨ ਲਈ ਲੋੜੀਂਦੀ ਜਾਣਕਾਰੀ ਹੀ ਲਈ ਜਾਵੇਗੀ। ਕੋਈ ਵੀ ਜਾਣਕਾਰੀ, ਜਿਵੇਂ ਕਿ ਨਾਮ ਜਾਂ ਈਮੇਲ ਪਤਾ ਜੋ ਕਿਸੇ ਵਿਅਕਤੀ ਦੀ ਪਛਾਣ ਕਰ ਸਕਦਾ ਹੈ, ਉਸ ਨੂੰ ਤੁਰੰਤ ਮਿਟਾ ਦਿੱਤਾ ਜਾਵੇਗਾ ਕਿਉਂਕਿ ਇਹ ਸਾਡੀਆਂ ਪ੍ਰਤੀਕਿਰਿਆਵਾਂ ਦੇ ਵਿਸ਼ਲੇਸ਼ਣ ਲਈ ਜ਼ਰੂਰੀ ਨਹੀਂ ਹੈ।

**ਅਸੀਂ ਤੁਹਾਡਾ ਡੇਟਾ ਕਿਵੇਂ ਅਤੇ ਕਿੰਨੇ ਸਮੇਂ ਲਈ ਸਟੋਰ ਕਰਦੇ ਹਾਂ**
ਅਸੀਂ ਤੁਹਾਡੀ ਨਿੱਜੀ ਜਾਣਕਾਰੀ ਨੂੰ ਘੱਟ ਤੋਂ ਘੱਟ ਲੋੜੀਂਦੇ ਸਮੇਂ ਲਈ ਹੀ ਰੱਖਦੇ ਹਾਂ। ਅਸੀਂ ਯਕੀਨੀ ਬਣਾਵਾਂਗੇ ਕਿ ਕੋਈ ਵੀ ਨਿੱਜੀ ਡਾਟਾ ਸੁਰੱਖਿਅਤ ਸਰਵਰਾਂ 'ਤੇ ਸੁਰੱਖਿਅਤ ਢੰਗ ਨਾਲ ਸਟੋਰ ਕੀਤਾ ਜਾਂਦਾ ਹੈ।

ਕਿਸੇ ਵੀ ਨਿੱਜੀ ਡੇਟਾ ਦੀ ਵੱਧ ਤੋਂ ਵੱਧ 12 ਮਹੀਨਿਆਂ ਬਾਅਦ ਸਮੀਖਿਆ ਕੀਤੀ ਜਾਵੇਗੀ ਕਿ ਕੀ ਇਸਨੂੰ ਸੁਰੱਖਿਅਤ ਢੰਗ ਨਾਲ ਮਿਟਾਇਆ ਜਾ ਸਕਦਾ ਹੈ ਜਾਂ ਨਹੀਂ। ਕੋਈ ਵੀ ਅੰਕੜਾ ਸੰਬੰਧੀ ਜਾਣਕਾਰੀ ਅਤੇ ਗੈਰ-ਮਰੀਜ਼ ਪਛਾਣਨ ਯੋਗ ਟਿੱਪਣੀਆਂ ਲੰਬੇ ਸਮੇਂ ਲਈ ਰੱਖੀਆਂ ਜਾਣਗੀਆਂ।

ਸਰਵੇਖਣ 25 ਸਤੰਬਰ ਤੋਂ 29 ਦਸੰਬਰ 2023 ਤੱਕ ਚੱਲੇਗਾ। ਸਰਵੇਖਣ ਦੇ ਨਤੀਜਿਆਂ ਦੀ ਰਿਪੋਰਟ (ਜਿਸ ਵਿੱਚ ਅਜਿਹਾ ਡੇਟਾ ਜਾਂ ਟਿੱਪਣੀਆਂ ਸ਼ਾਮਲ ਨਹੀਂ ਹੋਣਗੀਆਂ ਜੋ ਵਿਅਕਤੀਗਤ ਉੱਤਰਦਾਤਾਵਾਂ ਦੀ ਪਛਾਣ ਕਰ ਸਕਦੀਆਂ ਹਨ) ਸਕਾਟਿਸ਼ ਡੋਨੇਸ਼ਨ ਅਤੇ ਟ੍ਰਾਂਸਪਲਾਂਟ ਗਰੁੱਪ ਨੂੰ ਅਪ੍ਰੈਲ 2024 ਵਿੱਚ ਉਹਨਾਂ ਦੀ ਮੀਟਿੰਗ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਇਸਨੂੰ ਸਕਾਟਿਸ਼ ਸਰਕਾਰ ਦੀ ਵੈੱਬਸਾਈਟ https://www.gov.scot/groups/scottish-donation-and-transplant-group 'ਤੇ ਸਕਾਟਿਸ਼ ਡੋਨੇਸ਼ਨ ਅਤੇ ਟ੍ਰਾਂਸਪਲਾਂਟ ਗਰੁੱਪ ਪੰਨੇ 'ਤੇ ਪ੍ਰਕਾਸ਼ਿਤ ਕੀਤਾ ਜਾਵੇਗਾ।

**ਤੁਹਾਡੇ ਹੱਕ ਕੀ ਹਨ**
ਤਵਹਾਡੇ ਕੋਲ ਮਰੀਜ਼ ਪਹੁੰਚ ਬੇਨਤੀ (SAR) ਕਰ ਕੇ ਸਾਡੇ ਕੋਲ ਤਵਹਾਡੇ ਬਾਰੇ ਰੱਖੇ ਕਿਸੇ ਵੀ ਨਿੱਜੀ ਡੇਟਾ ਤੱਕ ਪਹੁੰਚ ਕਰਨ ਦਾ ਅਧਿਕਾਰ ਹੈ *https://www.gov.scot/publications/subject-access-request-form.*

ਇਸ ਤੋਂ ਇਲਾਵਾ, ਜੇ ਤਵਹਾਡਾ ਮੰਨਣਾ ਹੈ ਕਿ ਸਾਡੇ ਕੋਲ ਮੌਜਵਦ ਡੇਟਾ ਗਲਤ ਜਾਂ ਅਧਵਰਾ ਹੈ, ਤਾਂ ਤਵਸੀਂ organ_donation_scotland@gov.scot 'ਤੇ ਸੰਪਰਕ ਕਰਕੇ ਸਾਡੇ ਰਿਕਾਰਡਾਂ ਨੂੰ ਅੱਪਡੇਟ ਕਰਨ ਲਈ ਕਹਿ ਸਕਦੇ ਹੋ।

ਤਵਹਾਡੇ ਨਿੱਜੀ ਡੇਟਾ 'ਤੇ ਆਪਣੇ ਹੱਕਾਂ ਬਾਰੇ ਹੋਰ ਜਾਣਨ ਲਈ, ਕਿਰਪਾ ਕਰਕੇ ICO ਦੀ ਵੈੱਬਸਾਈਟ https://ico.org.uk/for-the-public ਦੇਖੋ

**ਸ਼ਿਕਾਇਤਾਂ**
ਜੇ ਤਵਸੀਂ ਸਾਡੇ ਵੱਲੋਂ ਤਵਹਾਡੇ ਨਿੱਜੀ ਡੇਟਾ ਨੂੰ ਸੰਚਾਲਣ ਦੇ ਤਰੀਕੇ ਤੋਂ ਅਸੰਤਵਸ਼ਟ ਹੋ, ਤਾਂ ਤਵਸੀਂ ਪਹਿਲੇ ਮਾਮਲੇ ਵਿੱਚ ਸਾਡੇ ਡੇਟਾ ਸਵਰੱਖਿਆ ਅਫਸਰ ਕੋਲ ਆਪਣੀਆਂ ਚਿੰਤਾਵਾਂ ਦੱਸ ਸਕਦੇ ਹੋ। ਤਵਸੀਂ DataProtectionOfficer@gov.scot 'ਤੇ ਈ-ਮੇਲ ਕਰਕੇ ਅਜਿਹਾ ਕਰ ਸਕਦੇ ਹੋ ਜਾਂ ਲਿਖਕੇ ਇਸ ਪਤੇ 'ਤੇ ਭੇਜ ਸਕਦੇ ਹੋ:

ਡੇਟਾ ਸਵਰੱਖਿਆ ਅਫਸਰ
ਵਿਕਟੋਰੀਆ ਕਿਊਵੇ
ਕਮਰਸ਼ੀਅਲ ਸਟ੍ਰੀਟ
ਐਡਿਨਬਰਗ, EH6 6QQ

ਜੇ ਤੁਹਾਨੂੰ ਲੱਗਦਾ ਹੈ ਕਿ ਅਸੀਂ ਤੁਹਾਡੀ ਸ਼ਿਕਾਇਤ ਦਾ ਹੱਲ ਕਰਨ ਵਿੱਚ ਅਸਮਰੱਥ ਹਾਂ, ਜਾਂ ਸਾਡਾ ਹੱਲ ਕਰਨ ਦਾ ਇਰਾਦਾ ਨਹੀਂ ਹੈ, ਤਾਂ ਤੁਹਾਡੇ ਕੋਲ UK ਵਿੱਚ ਡੇਟਾ ਸੁਰੱਖਿਆ ਲਈ ਰੈਗੂਲੇਟਰ, ਸੂਚਨਾ ਕਮਿਸ਼ਨਰ ਦੇ ਦਫ਼ਤਰ (ICO) ਕੋਲ ਸ਼ਿਕਾਇਤ ਦਰਜ ਕਰਨ ਦਾ ਹੱਕ ਹੈ:

ਸੂਚਨਾ ਕਮਿਸ਼ਨਰ
Wycliffe House
Water Lane
Wilmslow
Cheshire, SK9 5AF
ਟੈਲੀਫ਼ੋਨ: 08456 30 60 60

https://ico.org.uk/concerns/handling/

**ਇਸ ਸਰਵੇਖਣ ਵਿਚਲੇ ਸਾਰੇ ਸਵਾਲ ਵਿਕਲਪਕ ਹਨ ਅਤੇ ਜੇ ਤੁਸੀਂ ਨਾ ਚਾਹੋ ਤਾਂ ਤੁਹਾਨੂੰ ਇਹਨਾਂ ਵਿੱਚੋਂ ਕਿਸੇ ਦਾ ਵੀ ਜਵਾਬ ਦੇਣ ਦੀ ਲੋੜ ਨਹੀਂ ਹੈ।**

# ਸੈਕਸ਼ਨ 1

## ਤੁਹਾਡੇ ਬਾਰੇ

ਇਹ ਭਾਗ ਮਰੀਜ਼ਾਂ ਦੀ ਉਮਰ, ਲਿੰਗ, ਨਸਲੀ ਮੂਲ, ਉਹ ਕਿੱਥੇ ਰਹਿੰਦੇ ਹਨ, ਉਨ੍ਹਾਂ ਦੇ ਕਿਹੜੇ ਅੰਗ(ਗਾਂ) ਦਾ ਟ੍ਰਾਂਸਪਲਾਂਟ ਕਰਾਇਆ ਹੈ, ਆਦਿ ਬਾਰੇ ਜਾਣਕਾਰੀ ਇਕੱਤਰ ਕਰਨ ਲਈ ਹੈ। ਅਸੀਂ ਇਹ ਜਾਣਕਾਰੀ ਇਕੱਤਰ ਕਰ ਰਹੇ ਹਾਂ ਕਿਉਂਕਿ ਅਸੀਂ ਇਹ ਪਛਾਣ ਕਰਨਾ ਚਾਹੁੰਦੇ ਹਾਂ ਕਿ ਅਸੀਂ ਹੋਰ ਕਿਹੜੇ ਤਰੀਕਿਆਂ ਨਾਲ ਸੇਵਾਵਾਂ ਦੇ ਸਕਦੇ ਹਾਂ ਜੋ ਵਿਅਕਤੀ ਲਈ ਵਧੇਰੇ ਅਨੁਕੂਲ ਹੁੰਦੀਆਂ ਹਨ।

1. ਪਿਛਲੇ ਜਨਮਦਿਨ 'ਤੇ ਤੁਹਾਡੀ ਉਮਰ ਕਿੰਨੀ ਸੀ?

   ਹੇਠਾਂ ਦਿੱਤੇ ਖਾਨੇ ਵਿੱਚ ਆਪਣਾ ਜਵਾਬ ਦਿਓ

2. ਤੁਹਾਡਾ ਲਿੰਗ ਕੀ ਹੈ?

   ਜੇ ਤੁਸੀਂ ਇਸ ਗੱਲ 'ਤੇ ਵਿਚਾਰ ਕਰ ਰਹੇ ਹੋ ਕਿ ਜਵਾਬ ਕਿਵੇਂ ਦੇਣਾ ਹੈ, ਤਾਂ ਆਪਣੇ ਕਿਸੇ ਇੱਕ ਕਨੂੰਨੀ ਦਸਤਾਵੇਜ਼ ਜਿਵੇਂ ਕਿ ਜਨਮ ਸਰਟੀਫਿਕੇਟ, ਲਿੰਗ ਪਛਾਣ ਸਰਟੀਫਿਕੇਟ, ਜਾਂ ਪਾਸਪੋਰਟ 'ਤੇ ਦਰਜ ਕੀਤੇ ਗਏ ਲਿੰਗ ਦੀ ਵਰਤੋਂ ਕਰੋ।

   ਔਰਤ ○ ਮਰਦ ○ ਜਵਾਬ ਨਹੀਂ ਦੇਣਾ ਪਸੰਦ ਕਰਦੇ ਹੋ ○

3. ਕੀ ਤੁਸੀਂ ਆਪਣੇ ਆਪ ਨੂੰ ਟ੍ਰਾਂਸ ਸਮਝਦੇ ਹੋ, ਜਾਂ ਟ੍ਰਾਂਸ ਦਾ ਕੋਈ ਇਤਿਹਾਸ ਹੈ?

   ਨਹੀਂ ○ ਹਾਂ ○ ਜਵਾਬ ਨਹੀਂ ਦੇਣਾ ਪਸੰਦ ਕਰਦੇ ਹੋ ○

   ਜੇ ਤੁਸੀਂ ਚਾਹੋ, ਤਾਂ ਕਿਰਪਾ ਕਰਕੇ ਆਪਣੀ ਟ੍ਰਾਂਸ ਸਥਿਤੀ ਦਾ ਵਰਣਨ ਕਰੋ (ਉਦਾਹਰਨ ਲਈ ਨਾਨ-ਬਾਇਨਰੀ, ਟ੍ਰਾਂਸ ਮਰਦ, ਟ੍ਰਾਂਸ ਔਰਤ):

4. ਤੁਹਾਡਾ ਨਸਲੀ ਸਮੂਹ ਕੀ ਹੈ?

- ਸਕਾਟਿਸ਼ ○
- ਹੋਰ ਬਰਤਾਨੀ ਮੂਲ ○
- ਆਇਰਿਸ਼ ○
- ਜਿਪਸੀ/ਯਾਤਰੀ ○
- ਪੁਰਤਗਾਲੀ ○
- ਕੋਈ ਵੀ ਮਿਸ਼ਰਤ ਜਾਂ ਬਹੁ ਨਸਲੀ ਸਮੂਹ ○
- ਪਾਕਿਸਤਾਨੀ, ਪਾਕਿਸਤਾਨੀ ਸਕਾਟਿਸ਼ ਜਾਂ ਪਾਕਿਸਤਾਨੀ ਬਰਤਾਨੀ ○
- ਭਾਰਤੀ, ਭਾਰਤੀ ਸਕਾਟਿਸ਼ ਜਾਂ ਭਾਰਤੀ ਬਰਤਾਨੀ ○
- ਬੰਗਲਾਦੇਸ਼ੀ, ਬੰਗਲਾਦੇਸ਼ੀ ਸਕਾਟਿਸ਼ ਜਾਂ ਬੰਗਲਾਦੇਸ਼ੀ ○
- ਬਰਤਾਨੀ ○
- ਚੀਨੀ, ਚੀਨੀ ਸਕਾਟਿਸ਼ ਜਾਂ ਚੀਨੀ ਬਰਤਾਨੀ ○
- ਅਫਰੀਕਨ, ਅਫਰੀਕਨ ਸਕਾਟਿਸ਼ ਜਾਂ ਅਫਰੀਕਨ ਬਰਤਾਨੀ ○
- ਕੈਰੀਬੀਅਨ, ਕੈਰੀਬੀਅਨ ਸਕਾਟਿਸ਼ ਜਾਂ ਕੈਰੇਬੀਅਨ ਬਰਤਾਨੀ ○
- ਕਾਲੇ, ਕਾਲੇ ਸਕਾਟਿਸ਼ ਜਾਂ ਕਾਲੇ ਬਰਤਾਨੀ ○
- ਅਰਬ, ਅਰਬ ਸਕਾਟਿਸ਼ ਜਾਂ ਅਰਬ ਬਰਤਾਨੀ ○
- ਹੋਰ ਨਸਲੀ ਸਮੂਹ (ਕਿਰਪਾ ਕਰਕੇ ਹੇਠਾਂ ਦਿੱਤੇ ਖਾਨੇ ਵਿੱਚ ਲਿਖੋ) ○
- ਜਵਾਬ ਨਹੀਂ ਦੇਣਾ ਪਸੰਦ ਕਰਦੇ ਹੋ ○

ਜੇ ਤੁਸੀਂ 'ਹੋਰ' ਚੁਣਿਆ ਹੈ, ਤਾਂ ਕਿਰਪਾ ਕਰਕੇ ਆਪਣਾ ਜਵਾਬ ਇੱਥੇ ਲਿਖੋ

| |
|---|
| |

5. ਤੁਸੀਂ NHS ਬੋਰਡ ਦੇ ਕਿਸ ਖੇਤਰ ਵਿੱਚ ਰਹਿੰਦੇ ਹੋ?

| | | | |
|---|---|---|---|
| NHS Ayrshire & Arran | ○ | NHS Borders | ○ |
| NHS Dumfries & Galloway | ○ | NHS Fife | ○ |
| NHS Forth Valley | ○ | NHS Grampian | ○ |
| NHS Greater Glasgow & Clyde | ○ | NHS Highland | ○ |
| NHS Lanarkshire | ○ | NHS Lothian | ○ |
| NHS Orkney | ○ | NHS Shetland | ○ |
| NHS Tayside | ○ | NHS Western Isles | ○ |

6. ਤੁਸੀਂ ਕਿਹੜੇ ਅੰਗ(ਗਾਂ) ਦਾ ਟ੍ਰਾਂਸਪਲਾਂਟ ਕਰਵਾਇਆ ਹੈ?
(ਕਿਰਪਾ ਕਰਕੇ ਧਿਆਨ ਦਿਓ ਕਿ ਜੇ ਤੁਸੀਂ ਇੱਕ ਤੋਂ ਵੱਧ ਠੋਸ ਅੰਗ ਦਾ ਟ੍ਰਾਂਸਪਲਾਂਟ ਕਰਾਇਆ ਹੈ, ਤਾਂ ਤੁਹਾਨੂੰ ਹਰੇਕ ਟ੍ਰਾਂਸਪਲਾਂਟ ਅਨੁਭਵ ਲਈ ਇੱਕ ਸਰਵੇਖਣ ਪੂਰਾ ਕਰਨਾ ਚਾਹੀਦਾ ਹੈ)।

| | | | |
|---|---|---|---|
| ਦਿਲ | ○ | ਫੇਫੜੇ | ○ |
| ਗੁਰਦੇ | ○ | ਜਿਗਰ | ○ |
| ਪੈਨਕ੍ਰਿਆਸ | ○ | ਆਈਲੇਟ ਸੈੱਲ | ○ |
| ਸਮਕਾਲੀ ਪੈਨਕ੍ਰਿਆਸ-ਗੁਰਦਾ | ○ | ਸਮਕਾਲੀ ਆਈਲੇਟ-ਗੁਰਦਾ | ○ |

ਕੀ ਤੁਸੀਂ ਕਿਸੇ ਹੋਰ ਕਿਸਮ ਦਾ ਅੰਗ ਟ੍ਰਾਂਸਪਲਾਂਟ ਕਰਵਾਇਆ ਹੈ?

7. ਤੁਹਾਡੇ ਟ੍ਰਾਂਸਪਲਾਂਟ ਨੂੰ ਕਿੰਨੇ ਸਾਲ ਹੋ ਗਏ ਹਨ?

| | | | |
|---|---|---|---|
| 1 ਸਾਲ ਤੋਂ ਘੱਟ | ○ | 1 – 3 ਸਾਲ | ○ |
| 3 – 5 ਸਾਲ | ○ | 5 ਸਾਲ ਤੋਂ ਵੱਧ | ○ |

8. ਤੁਸੀਂ ਆਪਣੇ ਟ੍ਰਾਂਸਪਲਾਂਟ ਲਈ ਕਿੰਨੇ ਸਮੇਂ ਤੋਂ ਉਡੀਕ ਸੂਚੀ ਵਿੱਚ ਸੀ?

| | | | |
|---|---|---|---|
| 1 ਸਾਲ ਤੋਂ ਘੱਟ | ○ | 1 – 3 ਸਾਲ | ○ |
| 3 ਸਾਲ ਤੋਂ ਵੱਧ | ○ | | |

# ਸੈਕਸ਼ਨ 2

**ਸੰਚਾਰ, ਸਿੱਖਿਆ ਅਤੇ ਸਲਾਹ**

ਇਹ ਭਾਗ ਮਰੀਜ਼ਾਂ ਦੇ ਟ੍ਰਾਂਸਪਲਾਂਟ ਬਾਰੇ ਜਾਣਕਾਰੀ ਪ੍ਰਾਪਤ ਕਰਨ ਅਤੇ ਸਲਾਹ ਲੈਣ ਦੇ ਤਰੀਕੇ ਬਾਰੇ ਜਾਣਨ ਦੇ ਅਨੁਭਵਾਂ ਦੀ ਪੜਚੋਲ ਕਰਨ ਲਈ ਹੈ। ਮਰੀਜ਼ਾਂ, ਟ੍ਰਾਂਸਪਲਾਂਟ ਟੀਮਾਂ, ਸਥਾਨਕ ਮਾਹਰਾਂ ਅਤੇ GPs ਵਿਚਕਾਰ ਚੰਗਾ ਸੰਚਾਰ ਹੋਣਾ ਮਹੱਤਵਪੂਰਨ ਹੁੰਦਾ ਹੈ।

ਜੇ ਤੁਸੀਂ ਇਸ ਵਿਸ਼ੇ 'ਤੇ ਹੋਰ ਟਿੱਪਣੀਆਂ ਦੇਣਾ ਚਾਹੁੰਦੇ ਹੋ, ਤਾਂ ਤੁਸੀਂ ਇਹਨਾਂ ਨੂੰ Q16 (ਇਸ ਭਾਗ ਦੇ ਅੰਤ ਵਿੱਚ) 'ਤੇ ਖਾਲੀ ਲਿਖਤ ਖਾਨੇ ਵਿੱਚ ਦੇ ਸਕਦੇ ਹੋ।

**9.** **ਸਿਹਤ ਸੰਭਾਲ ਟੀਮਾਂ ਨੇ ਤੁਹਾਡੇ ਟ੍ਰਾਂਸਪਲਾਂਟ ਤੋਂ ਪਹਿਲਾਂ ਤੁਹਾਡੇ ਨਾਲ ਕਿੰਨੀ ਵਧੀਆ ਤਰ੍ਹਾਂ ਨਾਲ ਗੱਲਬਾਤ ਕੀਤੀ?**

**ਰੈਫ੍ਰਲ ਪ੍ਰਕਿਰਿਆ ਦੌਰਾਨ**

| | ਮਾੜਾ | ਔਸਤ ਤੋਂ ਘੱਟ | ਔਸਤਨ | ਵਧੀਆ | ਸ਼ਾਨਦਾਰ | ਲਾਗੂ ਨਹੀਂ |
|---|---|---|---|---|---|---|
| ਆਪਣੇ GP ਨਾਲ ਸੰਚਾਰ | ○ | ○ | ○ | ○ | ○ | ○ |
| ਸਥਾਨਕ ਰੈਫਰਿੰਗ ਟੀਮ ਨਾਲ ਸੰਚਾਰ | ○ | ○ | ○ | ○ | ○ | ○ |

**ਜਦ ਤੁਹਾਡਾ ਮੁਲਾਂਕਣ ਕੀਤਾ ਜਾ ਰਿਹਾ ਸੀ**

| | ਮਾੜਾ | ਔਸਤ ਤੋਂ ਘੱਟ | ਔਸਤਨ | ਵਧੀਆ | ਸ਼ਾਨਦਾਰ | ਲਾਗੂ ਨਹੀਂ |
|---|---|---|---|---|---|---|
| ਟ੍ਰਾਂਸਪਲਾਂਟ ਟੀਮ ਨਾਲ ਸੰਚਾਰ | ○ | ○ | ○ | ○ | ○ | ○ |

**ਜਦ ਤੁਸੀਂ ਉਡੀਕ ਸੂਚੀ ਵਿੱਚ ਸੀ**

| | ਮਾੜਾ | ਔਸਤ ਤੋਂ ਘੱਟ | ਔਸਤਨ | ਵਧੀਆ | ਸ਼ਾਨਦਾਰ | ਲਾਗੂ ਨਹੀਂ |
|---|---|---|---|---|---|---|
| ਟ੍ਰਾਂਸਪਲਾਂਟ ਟੀਮ ਨਾਲ ਸੰਚਾਰ | ○ | ○ | ○ | ○ | ○ | ○ |
| ਸਥਾਨਕ ਰੈਫਰਿੰਗ ਟੀਮ ਨਾਲ ਸੰਚਾਰ | ○ | ○ | ○ | ○ | ○ | ○ |
| ਆਪਣੇ GP ਨਾਲ ਸੰਚਾਰ | ○ | ○ | ○ | ○ | ○ | ○ |

10. ਸਿਹਤ ਸੰਭਾਲ ਟੀਮਾਂ ਨੇ ਤੁਹਾਡੇ ਟ੍ਰਾਂਸਪਲਾਂਟ ਤੋਂ ਬਾਅਦ ਤੁਹਾਡੇ ਨਾਲ ਕਿੰਨੀ ਵਧੀਆ ਤਰ੍ਹਾਂ ਨਾਲ ਗੱਲਬਾਤ ਕੀਤੀ?

| | ਮਾੜਾ | ਔਸਤ ਤੋਂ ਘੱਟ | ਔਸਤਨ | ਵਧੀਆ | ਸ਼ਾਨਦਾਰ | ਲਾਗੂ ਨਹੀਂ |
|---|---|---|---|---|---|---|
| ਟ੍ਰਾਂਸਪਲਾਂਟ ਟੀਮ ਨਾਲ ਪਹਿਲੇ ਸਾਲ ਵਿੱਚ | ○ | ○ | ○ | ○ | ○ | ○ |
| ਪਹਿਲੇ ਸਾਲ ਦੇ ਅਖੀਰ ਤੋਂ ਲੈ ਕੇ ਟ੍ਰਾਂਸਪਲਾਂਟ ਟੀਮ ਨਾਲ ਅੱਜ ਤੱਕ | ○ | ○ | ○ | ○ | ○ | ○ |
| ਪਹਿਲੇ ਸਾਲ ਦੇ ਅਖੀਰ ਤੋਂ ਲੈ ਕੇ ਸਥਾਨਕ ਰੈਫ਼੍ਰਿੰਗ ਟੀਮ ਨਾਲ ਅੱਜ ਤੱਕ | ○ | ○ | ○ | ○ | ○ | ○ |
| ਪਹਿਲੇ ਸਾਲ ਦੇ ਅਖੀਰ ਤੋਂ ਲੈ ਕੇ ਤੁਹਾਡੇ GP ਨਾਲ ਅੱਜ ਤੱਕ | ○ | ○ | ○ | ○ | ○ | ○ |

11. ਕੀ ਤੁਸੀਂ ਸਲਾਹ ਲਈ ਆਪਣੀ ਟ੍ਰਾਂਸਪਲਾਂਟ ਟੀਮ ਨਾਲ ਸੰਪਰਕ ਕਰਨ ਦੇ ਯੋਗ ਮਹਿਸੂਸ ਕਰਦੇ ਹੋ?

| | ਹਾਂ | ਨਹੀਂ | ਪਤਾ ਨਹੀਂ |
|---|---|---|---|
| ਟੈਲੀਫ਼ੋਨ ਰਾਹੀਂ | ○ | ○ | ○ |
| ਈਮੇਲ ਰਾਹੀਂ | ○ | ○ | ○ |
| ਪੋਰਟਲ ਜਾਂ ਵੈੱਬਸਾਈਟ ਦੀ ਵਰਤੋਂ ਕਰਕੇ | ○ | ○ | ○ |

12. ਕੀ ਤੁਹਾਨੂੰ ਲੱਗਦਾ ਹੈ ਕਿ ਤੁਸੀਂ ਆਪਣੇ ਟ੍ਰਾਂਸਪਲਾਂਟ ਤੋਂ ਪਹਿਲਾਂ ਆਪਣੀ ਟ੍ਰਾਂਸਪਲਾਂਟ ਟੀਮ ਤੋਂ ਲੋੜੀਂਦੀ ਜਾਣਕਾਰੀ/ਸਿੱਖਿਆ ਪ੍ਰਾਪਤ ਕੀਤੀ?

| | ਮਾੜਾ | ਔਸਤ ਤੋਂ ਘੱਟ | ਔਸਤਨ | ਵਧੀਆ | ਸ਼ਾਨਦਾਰ | ਲਾਗੂ ਨਹੀਂ |
|---|---|---|---|---|---|---|
| ਰੈਫ਼੍ਰਲ ਪ੍ਰਕਿਰਿਆ ਦੌਰਾਨ | ○ | ○ | ○ | ○ | ○ | ○ |
| ਜਦ ਤੁਹਾਡਾ ਮੁਲਾਂਕਣ ਕੀਤਾ ਜਾ ਰਿਹਾ ਸੀ | ○ | ○ | ○ | ○ | ○ | ○ |
| ਜਦ ਤੁਸੀਂ ਉਡੀਕ ਸੂਚੀ ਵਿੱਚ ਸੀ | ○ | ○ | ○ | ○ | ○ | ○ |

ਕੀ ਇਹ ਜਾਣਕਾਰੀ ਸਮਝਣ ਵਿੱਚ ਆਸਾਨ ਸੀ?

| ਹਾਂ | ਨਹੀਂ | ਲਾਗੂ ਨਹੀਂ |
|---|---|---|
| ◯ | ◯ | ◯ |

13. ਕੀ ਤੁਹਾਨੂੰ ਲੱਗਦਾ ਕਿ ਤੁਸੀਂ <u>ਆਪਣੇ ਟ੍ਰਾਂਸਪਲਾਂਟ ਤੋਂ ਬਾਅਦ</u> ਆਪਣੀ ਟ੍ਰਾਂਸਪਲਾਂਟ ਟੀਮ ਤੋਂ ਲੋੜੀਂਦੀ ਜਾਣਕਾਰੀ/ਸਿੱਖਿਆ ਪ੍ਰਾਪਤ ਕੀਤੀ?

| | ਮਾੜਾ | ਔਸਤ ਤੋਂ ਘੱਟ | ਔਸਤਨ | ਵਧੀਆ | ਸ਼ਾਨਦਾਰ | ਲਾਗੂ ਨਹੀਂ |
|---|---|---|---|---|---|---|
| ਪਹਿਲੇ ਸਾਲ ਵਿੱਚ | ◯ | ◯ | ◯ | ◯ | ◯ | ◯ |
| ਪਹਿਲੇ ਸਾਲ ਦੇ ਅੰਤ ਤੋਂ ਅੱਜ ਦੇ ਦਿਨ ਤੱਕ | ◯ | ◯ | ◯ | ◯ | ◯ | ◯ |

ਕੀ ਇਹ ਜਾਣਕਾਰੀ ਸਮਝਣ ਵਿੱਚ ਆਸਾਨ ਸੀ?

| ਹਾਂ | ਨਹੀਂ | ਲਾਗੂ ਨਹੀਂ |
|---|---|---|
| ◯ | ◯ | ◯ |

14. ਕੀ ਤੁਸੀਂ ਟ੍ਰਾਂਸਪਲਾਂਟ ਨਾਲ ਜੀਉਣ ਬਾਰੇ ਆਨਲਾਈਨ ਉਪਲਬਧ ਜਾਣਕਾਰੀ ਤੋਂ ਜਾਣੂ ਹੋ?

| ਹਾਂ | ਨਹੀਂ |
|---|---|
| ◯ | ◯ |

ਜੇ ਹਾਂ, ਤਾਂ ਕਿਰਪਾ ਕਰਕੇ ਸਾਨੂੰ ਦੱਸੋ ਕਿ ਇਹ ਜਾਣਕਾਰੀ ਤੁਹਾਨੂੰ ਕਿੰਨੀ ਲਾਹੇਵੰਦ ਲੱਗੀ।

| | ਲਾਹੇਵੰਦ | ਨਾ ਤਾਂ ਲਾਹੇਵੰਦ ਅਤੇ ਨਾ ਹੀ ਅਨਲਾਹੇਵੰਦ | ਲਾਹੇਵੰਦ | ਲਾਗੂ ਨਹੀਂ |
|---|---|---|---|---|
| NHS ਬਲੱਡ ਐਂਡ ਟ੍ਰਾਂਸਪਲਾਂਟ ਵੈੱਬਸਾਈਟ | ○ | ○ | ○ | ○ |
| ਟ੍ਰਾਂਸਪਲਾਂਟ ਸੈਂਟਰ ਦੀ ਵੈੱਬਸਾਈਟ | ○ | ○ | ○ | ○ |
| ਸਥਾਨਕ ਹਸਪਤਾਲ ਦੀ ਵੈੱਬਸਾਈਟ | ○ | ○ | ○ | ○ |
| ਮਰੀਜ਼ ਸਹਾਇਤਾ ਸਮੂਹ | ○ | ○ | ○ | ○ |
| ਚੈਰਿਟੀ ਸਹਾਇਤਾ ਸਮੂਹ | ○ | ○ | ○ | ○ |

15. ਕਿਰਪਾ ਕਰਕੇ ਅਜਿਹੇ ਕੋਈ ਹੋਰ ਆਨਲਾਈਨ ਸਰੋਤ ਸਾਂਝੇ ਕਰੋ ਜਿਨ੍ਹਾਂ ਬਾਰੇ ਤੁਸੀਂ ਜਾਣਦੇ ਹੋ ਜੋ ਟ੍ਰਾਂਸਪਲਾਂਟ ਨਾਲ ਜੀਉਣ ਬਾਰੇ ਜਾਣਕਾਰੀ ਦਿੰਦੇ ਹਨ।

16. ਜਾਣਕਾਰੀ ਅਤੇ ਸਲਾਹ ਨੂੰ ਵਧੇਰੇ ਆਸਾਨੀ ਨਾਲ ਕਿਵੇਂ ਉਪਲਬਧ ਕਰਵਾਇਆ ਜਾ ਸਕਦਾ ਹੈ?

## ਸੈਕਸ਼ਨ 3

ਭਾਵਨਾਤਮਕ/ਮਨੋਵਿਗਿਆਨਕ ਸਹਾਇਤਾ

ਇਹ ਭਾਗ ਇਹ ਪਤਾ ਪੜਚੋਲ ਕਰਨ ਲਈ ਹੈ ਕਿ ਟ੍ਰਾਂਸਪਲਾਂਟ ਦੇ ਪ੍ਰਾਪਤਕਰਤਾਵਾਂ ਅਤੇ ਉਹਨਾਂ ਦੇ ਭਾਈਵਾਲਾਂ/ਪਰਿਵਾਰਕ ਮੈਬਰਾਂ ਨੂੰ ਕਿਸ ਤਰ੍ਹਾਂ ਦੀ ਭਾਵਨਾਤਮਕ ਸਹਾਇਤਾ ਦੀ ਲੋੜ ਹੈ, ਉਹਨਾਂ ਨੂੰ ਕਿਸ ਤਰ੍ਹਾਂ ਦੀ ਸਹਾਇਤਾ ਮਿਲੀ ਹੈ, ਸਭ ਤੋਂ ਵੱਧ ਮਦਦਗਾਰ ਕੀ ਚੀਜ਼ ਰਹੀ ਹੈ ਅਤੇ ਭਵਿੱਖ ਵਿੱਚ ਕਿਸ ਕਿਸਮ ਦੀ ਸਹਾਇਤਾ ਉਪਲਬਧ ਹੋਣੀ ਚਾਹੀਦੀ ਹੈ।

17. ਕੀ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਟ੍ਰਾਂਸਪਲਾਂਟ ਤੋਂ ਪਹਿਲਾਂ ਤੁਹਾਨੂੰ ਸਿਹਤ ਸੰਭਾਲ ਟੀਮ ਤੋਂ ਮਿਲੀ ਸਹਾਇਤਾ ਤੁਹਾਡੀ ਭਾਵਨਾਤਮਕ/ਮਨੋਵਿਗਿਆਨਕਲੋੜਾਂ ਨੂੰ ਪੂਰਾ ਕਰਦੀ ਹੈ?

| | ਪੂਰੀ ਤਰ੍ਹਾਂ ਅਸਹਿਮਤ | ਅਸਹਿਮਤ | ਨਾ ਤਾਂ ਸਹਿਮਤ ਨਾ ਹੀ ਅਸਹਿਮਤ | ਸਹਿਮਤ | ਪੂਰੀ ਤਰ੍ਹਾਂ ਸਹਿਮਤ | ਲਾਗੂ ਨਹੀਂ |
|---|---|---|---|---|---|---|
| ਰੈਫ੍ਰਲ ਪ੍ਰਕਿਰਿਆ ਦੇ ਦੌਰਾਨ ਸਥਾਨਕ ਰੈਫਰਿੰਗ ਟੀਮ ਤੋਂ ਸਹਾਇਤਾ | ○ | ○ | ○ | ○ | ○ | ○ |
| ਰੈਫ੍ਰਲ ਪ੍ਰਕਿਰਿਆ ਦੇ ਦੌਰਾਨ ਟ੍ਰਾਂਸਪਲਾਂਟ ਟੀਮ ਤੋਂ ਸਹਾਇਤਾ | ○ | ○ | ○ | ○ | ○ | ○ |
| ਤੁਹਾਡੇ ਟ੍ਰਾਂਸਪਲਾਂਟ ਉਡੀਕ ਸੂਚੀ ਹੋਣ ਸਮੇਂ ਟ੍ਰਾਂਸਪਲਾਂਟ ਟੀਮ ਤੋਂ ਸਹਾਇਤਾ | ○ | ○ | ○ | ○ | ○ | ○ |

18. ਕੀ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਟ੍ਰਾਂਸਪਲਾਂਟ ਤੋਂ ਬਾਅਦ ਟ੍ਰਾਂਸਪਲਾਂਟ ਟੀਮ ਤੋਂ ਤੁਹਾਨੂੰ ਮਿਲੀ ਸਹਾਇਤਾ ਨੇ ਤੁਹਾਡੀਆਂ ਭਾਵਨਾਤਮਕ/ਮਨੋਵਿਗਿਆਨਕ ਲੋੜਾਂ ਨੂੰ ਪੂਰਾ ਕੀਤਾ?

| | ਪੂਰੀ ਤਰ੍ਹਾਂ ਅਸਹਿਮਤ | ਅਸਹਿਮਤ | ਨਾ ਤਾਂ ਸਹਿਮਤ ਨਾ ਹੀ ਅਸਹਿਮਤ | ਸਹਿਮਤ | ਪੂਰੀ ਤਰ੍ਹਾਂ ਸਹਿਮਤ | ਲਾਗੂ ਨਹੀਂ |
|---|---|---|---|---|---|---|
| ਪਹਿਲੇ ਸਾਲ ਵਿੱਚ | ○ | ○ | ○ | ○ | ○ | ○ |
| ਪਹਿਲੇ ਸਾਲ ਦੇ ਅੰਤ ਤੋਂ ਅੱਜ ਦੇ ਦਿਨ ਤੱਕ | ○ | ○ | ○ | ○ | ○ | ○ |

19. ਕੀ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਟ੍ਰਾਂਸਪਲਾਂਟ ਤੋਂ ਬਾਅਦ ਤੁਹਾਡੀ ਸਥਾਨਕ ਰੈਫਰਿੰਗ ਟੀਮ ਤੋਂ ਤੁਹਾਨੂੰ ਮਿਲੀ ਸਹਾਇਤਾ ਨੇ ਤੁਹਾਡੀਆਂ ਭਾਵਨਾਤਮਕ/ਮਨੋਵਿਗਿਆਨਕ ਲੋੜਾਂ ਨੂੰ ਪੂਰਾ ਕੀਤਾ?

| | ਪੂਰੀ ਤਰ੍ਹਾਂ ਅਸਹਿਮਤ | ਅਸਹਿਮਤ | ਨਾ ਤਾਂ ਸਹਿਮਤ ਨਾ ਹੀ ਅਸਹਿਮਤ | ਸਹਿਮਤ | ਪੂਰੀ ਤਰ੍ਹਾਂ ਸਹਿਮਤ | ਲਾਗੂ ਨਹੀਂ |
|---|---|---|---|---|---|---|
| ਪਹਿਲੇ ਸਾਲ ਵਿੱਚ | ◯ | ◯ | ◯ | ◯ | ◯ | ◯ |
| ਪਹਿਲੇ ਸਾਲ ਦੇ ਅੰਤ ਤੋਂ ਅੱਜ ਦੇ ਦਿਨ ਤੱਕ | ◯ | ◯ | ◯ | ◯ | ◯ | ◯ |

20. ਤੁਹਾਡੀ ਭਾਵਨਾਤਮਕ/ਮਨੋਵਿਗਿਆਨਕ ਸਹਾਇਤਾ ਦੇ ਮੁੱਖ ਸਰੋਤ ਕੀ ਸਨ (ਤੁਹਾਡੇ ਪਰਿਵਾਰ ਅਤੇ ਦੋਸਤਾਂ ਤੋਂ ਇਲਾਵਾ)?

| | ਲਾਗੂ ਹੋਣ ਵਾਲੇ ਸਭ ਵਿਕਲਪਾਂ 'ਤੇ ਸਹੀ ਦਾ ਨਿਸ਼ਾਨ ਲਗਾਓ |
|---|---|
| ਟ੍ਰਾਂਸਪਲਾਂਟ ਕੋਆਰਡੀਨੇਟਰ/ਮਾਹਰ ਨਰਸ | ◯ |
| ਟ੍ਰਾਂਸਪਲਾਂਟ ਟੀਮ ਦੇ ਹੋਰ ਮੈਂਬਰ | ◯ |
| ਸਾਥੀ (ਕੋਈ ਵਿਅਕਤੀ ਜਿਸਦਾ ਟ੍ਰਾਂਸਪਲਾਂਟ ਹੋਇਆ ਹੈ) | ◯ |
| ਦਾਨੀ ਸਮੂਹ | ◯ |
| ਸਲਾਹਕਾਰ | ◯ |
| ਕਲੀਨਿਕਲ ਮਨੋਵਿਗਿਆਨੀ | ◯ |
| GP | ◯ |
| ਮਨੋਵਿਗਿਆਨੀ | ◯ |
| ਉਪਰੋਕਤ ਵਿੱਚੋਂ ਕੋਈ ਵੀ ਨਹੀਂ | ◯ |

ਕਿਰਪਾ ਕਰਕੇ ਸਾਨੂੰ ਦੱਸੋ ਕਿ ਕੀ ਤੁਹਾਨੂੰ ਕੋਈ ਹੋਰ ਸਰੋਤਾਂ ਤੋਂ ਭਾਵਨਾਤਮਕ/ਮਨੋਵਿਗਿਆਨਕ ਸਹਾਇਤਾ ਮਿਲੀ ਹੈ?

21. ਤੁਸੀਂ ਭਾਵਨਾਤਮਕ/ਮਨੋਵਿਗਿਆਨਕ ਸਹਾਇਤਾ ਪ੍ਰਾਪਤ ਕੀਤੇ ਹੋਣ ਨੂੰ ਕਿਵੇਂ ਤਰਜੀਹ ਦਿੰਦੇ ਹੋ?

ਕਿਰਪਾ ਕਰਕੇ ਤਰਜੀਹ ਦੇ ਕ੍ਰਮ ਵਿੱਚ ਦਰਜਾ ਦਿਓ, ਜਿੱਥੇ 1 ਤੁਹਾਡੀ ਸਭ ਤੋਂ ਵੱਧ ਤਰਜੀਹ ਹੈ ਅਤੇ 7 ਤੁਹਾਡੀ ਸਭ ਤੋਂ ਘੱਟ ਤਰਜੀਹ ਹੈ।

ਜੇ ਤੁਸੀਂ ਇਹ ਮਹਿਸੂਸ ਨਹੀਂ ਕੀਤਾ ਕਿ ਤੁਹਾਨੂੰ ਕਿਸੇ ਭਾਵਨਾਤਮਕ/ਮਨੋਵਿਗਿਆਨਕ ਸਹਾਇਤਾ ਦੀ ਲੋੜ ਹੈ, ਤਾਂ ਕਿਰਪਾ ਕਰਕੇ Q23 'ਤੇ ਜਾਓ।

| | 1 | 2 | 3 | 4 | 5 | 6 | 7 |
|---|---|---|---|---|---|---|---|
| ਆਹਮੋ - ਸਾਹਮਣੇ/ ਇਕੱਲੇ ਸਿੱਧੇ ਸੰਪਰਕ | ○ | ○ | ○ | ○ | ○ | ○ | ○ |
| ਆਹਮੋ - ਸਾਹਮਣੇ/ਕਿਸੇ ਸਮੂਹ ਵਿੱਚ | ○ | ○ | ○ | ○ | ○ | ○ | ○ |
| ਟੈਲੀਫ਼ੋਨ/ਵੀਡੀਓ - ਇਕੱਲਾ ਸਿੱਧਾ ਸੰਪਰਕ | ○ | ○ | ○ | ○ | ○ | ○ | ○ |
| ਟੈਲੀਫ਼ੋਨ/ਵੀਡੀਓ - ਇੱਕ ਸਮੂਹ ਵਿੱਚ | ○ | ○ | ○ | ○ | ○ | ○ | ○ |
| ਐਪ ਜਾਂ ਵੈੱਬ-ਆਧਾਰਿਤ ਸਵੈ-ਸਹਾਇਤਾ | ○ | ○ | ○ | ○ | ○ | ○ | ○ |
| ਐਪ ਜਾਂ ਵੈੱਬ-ਆਧਾਰਿਤ, ਕਿਸੇ ਸਿਹਤ ਪੇਸ਼ੇਵਰ ਦੁਆਰਾ ਮਾਰਗਦਰਸ਼ਨ | ○ | ○ | ○ | ○ | ○ | ○ | ○ |
| ਲਿਖਤੀ ਸਮੱਗਰੀ ਉਦਾਹਰਨ ਲਈ ਪਰਚੇ | ○ | ○ | ○ | ○ | ○ | ○ | ○ |

22. ਕੀ ਤੁਹਾਡੀਆਂ ਇਸ ਬਾਰੇ ਕੋਈ ਹੋਰ ਟਿੱਪਣੀਆਂ ਹਨ ਕਿ ਕਿਹੜੀ ਚੀਜ਼ ਤੁਹਾਡੇ ਅਨੁਭਵ ਵਿੱਚ ਸੁਧਾਰ ਕਰੇਗੀ? ਕਿਰਪਾ ਕਰਕੇ ਇਸ ਬਾਰੇ ਸੁਝਾਅ ਦਿਓ ਕਿ ਤੁਸੀਂ ਕਿਸ ਕਿਸਮ ਦੀ ਭਾਵਨਾਤਮਕ/ਮਨੋਵਿਗਿਆਨਕ ਸਹਾਇਤਾ ਦੀ ਚੋਣ ਕੀਤੀ ਹੋਵੇਗੀ ਉਦਾਹਰਨ ਲਈ ਸਾਥੀਆਂ ਦੀ ਸਹਾਇਤਾ, ਸਲਾਹ-ਮਸ਼ਵਰੇ, ਵਿਚਾਰਸ਼ੀਲ ਤਕਨੀਕਾਂ।

# ਸੈਕਸ਼ਨ 4

**ਟ੍ਰਾਂਸਪਲਾਂਟ ਕੇਂਦਰ ਅਤੇ ਯਾਤਰਾ**

**ਇਸ ਭਾਗ ਵਿੱਚ ਮਰੀਜ਼ਾਂ ਦੇ ਟਰਾਂਸਪਲਾਂਟ ਕੇਂਦਰ ਤੱਕ ਦੀ ਯਾਤਰਾ ਦੇ ਅਨੁਭਵਾਂ ਦੀ ਪੜਚੋਲ ਹੁੰਦੀ ਹੈ।**

**23. ਕਿਰਪਾ ਕਰਕੇ ਸਾਨੂੰ ਆਪਣੇ ਟ੍ਰਾਂਸਪਲਾਂਟ ਕੇਂਦਰ ਦੀ ਯਾਤਰਾ ਕਰਨ ਦੇ ਤਜ਼ਰਬਿਆਂ ਬਾਰੇ ਦੱਸੋ।**

**ਕੀ ਤੁਹਾਨੂੰ ਆਪਣੇ ਟ੍ਰਾਂਸਪਲਾਂਟ ਕੇਂਦਰ ਦੀ ਯਾਤਰਾ ਕਰਨ ਵਿੱਚ ਕੋਈ ਮੁਸ਼ਕਲਾਂ ਹੋਈਆਂ ਹਨ?**

| ਹਾਂ | ਨਹੀਂ | ਪਤਾ ਨਹੀਂ |
|---|---|---|
| ○ | ○ | ○ |

**ਜੇ ਤੁਸੀਂ ਹਾਂ ਵਿੱਚ ਜਵਾਬ ਦਿੱਤਾ ਹੈ, ਤਾਂ ਕਿਰਪਾ ਕਰਕੇ ਵੇਰਵੇ ਦਿਓ।**

| |
|---|
| |

# ਸੈਕਸ਼ਨ 5

### ਟ੍ਰਾਂਸਪਲਾਂਟ ਤੋਂ ਬਾਅਦ ਦੀ ਦੇਖਭਾਲ

Covid-19 ਮਹਾਂਮਾਰੀ ਨੇ ਸੇਵਾਵਾਂ ਦੇਣ ਦੇ ਤਰੀਕੇ ਨੂੰ ਬਦਲ ਦਿੱਤਾ ਹੈ, ਜਿਸ ਵਿੱਚ ਬਹੁਤ ਸਾਰੇ ਟ੍ਰਾਂਸਪਲਾਂਟ ਕੇਂਦਰ 'Near Me' ਵਰਗੀ ਵੀਡੀਓ ਸਲਾਹ-ਮਸ਼ਵਰੇ ਦੀ ਪੇਸ਼ਕਸ਼ ਕਰ ਰਹੇ ਹਨ ਜਾਂ ਕਲੀਨਿਕ ਵਿੱਚ ਆਹਮੋ-ਸਾਹਮਣੇ ਮੁਲਾਕਾਤ ਦੇ ਇੱਕ ਵਿਕਲਪ ਵਜੋਂ ਟੈਲੀਫੋਨ ਸਲਾਹ-ਮਸ਼ਵਰੇ ਦੀ ਪੇਸ਼ਕਸ਼ ਕਰ ਰਹੇ ਹਨ।

'Near Me' ਇੱਕ ਗੁਪਤ ਅਤੇ ਸੁਰੱਖਿਅਤ ਸੇਵਾ ਹੈ ਜੋ ਮਰੀਜ਼ਾਂ ਨੂੰ ਵੀਡੀਓ ਕਾਲ ਦੀ ਵਰਤੋਂ ਕਰਦਿਆਂ ਆਪਣੀ ਪਹਿਲਾਂ ਤੋਂ ਪ੍ਰਬੰਧ ਕੀਤੀ ਮੁਲਾਕਾਤ ਵਿੱਚ ਸ਼ਿਰਕਤ ਕਰਨ ਦਿੰਦੀ ਹੈ।

ਦੂਰੋਂ ਸਲਾਹ-ਮਸ਼ਵਰੇ ਟ੍ਰਾਂਸਪਲਾਂਟ ਦੇ ਮਰੀਜ਼ਾਂ ਲਈ ਸੇਵਾਵਾਂ ਤੱਕ ਪਹੁੰਚ ਨੂੰ ਬਿਹਤਰ ਬਣਾ ਸਕਦੇ ਹਨ ਅਤੇ ਮੁਲਾਕਾਤਾਂ ਲਈ ਯਾਤਰਾ ਦੀ ਲੋੜ ਨੂੰ ਘਟਾ ਸਕਦੇ ਹਨ।

ਇਹ ਭਾਗ ਟ੍ਰਾਂਸਪਲਾਂਟ ਦੇ ਮਰੀਜ਼ਾਂ 'ਤੇ ਇਹਨਾਂ ਤਬਦੀਲੀਆਂ ਦੇ ਪ੍ਰਭਾਵ ਬਾਰੇ ਪਤਾ ਲਗਾਉਂਦਾ ਹੈ ਅਤੇ ਭਵਿੱਖ ਵਿੱਚ ਸੇਵਾਵਾਂ ਦੇਣ ਦਾ ਸਭ ਤੋਂ ਵਧੀਆ ਤਰੀਕਾ ਵਿਚਾਰਦਾ ਹੈ।

**24. ਡਿਜੀਟਲ ਪਹੁੰਚ**

| | ਹਾਂ | ਨਹੀਂ | ਲਾਗੂ ਨਹੀਂ |
|---|---|---|---|
| ਕੀ ਤੁਹਾਡੇ ਕੋਲ ਘਰ ਵਿੱਚ ਇੰਟਰਨੈੱਟ ਤੱਕ ਪਹੁੰਚ ਹੈ? | ○ | ○ | ○ |
| ਜੇ ਨਹੀਂ, ਤਾਂ ਕੀ ਅਜਿਹੀ ਕੋਈ ਹੋਰ ਥਾਂ ਹੈ ਜਿੱਥੇ ਤੁਸੀਂ ਇੰਟਰਨੈੱਟ ਦੀ ਵਰਤੋਂ ਕਰ ਸਕਦੇ ਹੋ? | ○ | ○ | ○ |
| ਕੀ ਤੁਹਾਡੇ ਕੋਲ ਲੈਪਟਾਪ/ਟੈਬਲੇਟ/ਮੋਬਾਈਲ ਫ਼ੋਨ ਰਾਹੀਂ ਇੰਟਰਨੈੱਟ ਤੱਕ ਪਹੁੰਚ ਹੈ? | ○ | ○ | ○ |
| ਕੀ ਤੁਸੀਂ ਦੂਰੋਂ ਸਲਾਹ-ਮਸ਼ਵਰੇ (ਜਿਵੇਂ ਕਿ Near Me) ਲਈ ਵਰਤੀਆਂ ਜਾਂਦੀਆਂ IT ਪ੍ਰਣਾਲੀਆਂ ਤੱਕ ਪਹੁੰਚ ਕਰਨ ਦੇ ਯੋਗ ਹੋ? | ○ | ○ | ○ |

ਜੇ ਤੁਹਾਨੂੰ ਦੂਰੋਂ ਸਲਾਹ-ਮਸ਼ਵਰੇ ਲਈ ਵਰਤੀਆਂ ਜਾਂਦੀਆਂ ਪ੍ਰਣਾਲੀਆਂ ਤੱਕ ਪਹੁੰਚ ਕਰਨ ਵਿੱਚ ਮੁਸ਼ਕਲਾਂ ਆਈਆਂ ਹਨ, ਤਾਂ ਕਿਰਪਾ ਕਰਕੇ ਇਸ ਦਾ(ਦੇ) ਕਾਰਨ ਦੱਸੋ।

**25.** **ਰਿਮੋਟ ਸਲਾਹ-ਮਸ਼ਵਰੇ**

**ਕਿਰਪਾ ਕਰਕੇ ਸਾਨੂੰ ਵੀਡੀਓ (Near Me) ਜਾਂ ਟੈਲੀਫ਼ੋਨ ਸਲਾਹ-ਮਸ਼ਵਰੇ ਦੀ ਵਰਤੋਂ ਸੰਬੰਧੀ ਆਪਣੇ ਤਜ਼ਰਬਿਆਂ ਬਾਰੇ ਦੱਸੋ।**

| | ਹਾਂ | ਨਹੀਂ | ਲਾਗੂ ਨਹੀਂ |
|---|---|---|---|
| ਕੀ ਰਿਮੋਟ ਵੀਡੀਓ ਸਲਾਹ-ਮਸ਼ਵਰੇ ਲਾਹੇਵੰਦ ਰਹੇ ਹਨ? | ○ | ○ | ○ |
| ਕੀ ਟੈਲੀਫ਼ੋਨ 'ਤੇ ਸਲਾਹ-ਮਸ਼ਵਰੇ ਲਾਹੇਵੰਦ ਰਹੇ ਹਨ? | ○ | ○ | ○ |
| ਕੀ ਤੁਹਾਨੂੰ ਲੱਗਦਾ ਹੈ ਕਿ ਤੁਹਾਨੂੰ ਟ੍ਰਾਂਸਪਲਾਂਟ ਕੇਂਦਰ ਵਿਖੇ ਢੁਕਵੇਂ ਆਹਮੋ-ਸਾਹਮਣੇ ਵਾਲੇ ਫਾਲੋ-ਅਪ ਮਿਲੇ ਹਨ? | ○ | ○ | ○ |
| ਕੀ ਤੁਸੀਂ ਦੂਰੋਂ ਅਤੇ ਆਹਮੋ-ਸਾਹਮਣੇ ਮੁਲਾਕਾਤਾਂ ਦੇ ਮਿਸ਼ਰਣ ਨੂੰ ਤਰਜੀਹ ਦਿੰਦੇ ਹੋ? | ○ | ○ | ○ |

**26.** **ਚੋਣਾਂ**

**ਕੀ ਤੁਹਾਨੂੰ ਆਹਮੋ-ਸਾਹਮਣੇ ਕਲੀਨਿਕ ਜਾਂ ਦੂਰੋਂ ਮੁਲਾਕਾਤ ਵਿੱਚ ਸ਼ਾਮਲ ਹੋਣ ਵਿਚਕਾਰ ਕੋਈ ਵਿਕਲਪ ਪੇਸ਼ ਕੀਤਾ ਜਾਂਦਾ ਹੈ?**

| ਹਾਂ, ਹਮੇਸ਼ਾਂ | ਹਾਂ, ਕਦੇ-ਕਦਾਈਂ | ਨਹੀਂ | ਲਾਗੂ ਨਹੀਂ |
|---|---|---|---|
| ○ | ○ | ○ | ○ |

**27.** **ਜੇ ਆਹਮੋ-ਸਾਹਮਣੇ ਕਲੀਨਿਕ ਮੁਲਾਕਾਤ ਦਾ ਕੋਈ ਲਾਭ ਹੈ, ਤਾਂ ਉਸ ਬਾਰੇ ਦੱਸੋ?**

**28.** **ਕੀ ਤੁਹਾਡੇ ਕੋਲ ਇਸ ਬਾਰੇ ਕੋਈ ਟਿੱਪਣੀ ਹੈ ਕਿ ਤੁਹਾਡੇ ਲਈ ਸਭ ਤੋਂ ਵਧੀਆ ਕੀ ਕੰਮ ਕਰੇਗਾ?**

# ਸੈਕਸ਼ਨ 6

## ਦੂਰੋਂ ਨਿਗਰਾਨੀ

ਟ੍ਰਾਂਸਪਲਾਂਟ ਦੇ ਮਰੀਜ਼ਾਂ ਦੀ ਨਿਯਮਿਤ ਤੌਰ 'ਤੇ ਨਿਗਰਾਨੀ ਕਰਨ ਦੀ ਲੋੜ ਹੁੰਦੀ ਹੈ, ਜਿਸ ਵਿੱਚ ਇਹ ਪਤਾ ਲਗਾਉਣ ਲਈ ਖੂਨ ਦੀਆਂ ਜਾਂਚਾਂ ਸ਼ਾਮਲ ਹਨ ਕਿ ਤੁਹਾਡਾ ਨਵਾਂ ਅੰਗ ਕਿਵੇਂ ਕੰਮ ਕਰ ਰਿਹਾ ਹੈ ਅਤੇ ਇਮਿਊਨੋਸਪ੍ਰੈਸੈਂਟ ਦਵਾਈਆਂ ਦੇ ਪੱਧਰ ਦੀ ਜਾਂਚ ਕਰਨਾ ਸ਼ਾਮਲ ਹੈ।

ਇਸ ਭਾਗ ਵਿੱਚ ਪੋਸਟ-ਟਰਾਂਸਪਲਾਂਟ ਨਿਗਰਾਨੀ ਦੇ ਸਬੰਧ ਵਿੱਚ ਮਰੀਜ਼ਾਂ ਦੀਆਂ ਤਰਜੀਹਾਂ ਦੀ ਪੜਚੋਲ ਕੀਤੀ ਜਾਂਦੀ ਹੈ।

29. ਟ੍ਰਾਂਸਪਲਾਂਟ ਨਾਲ ਸੰਬੰਧਤ ਖੂਨ ਦੀਆਂ ਜਾਂਚਾਂ

ਕੀ ਤੁਸੀਂ ਸਥਾਨਕ ਤੌਰ 'ਤੇ ਖੂਨ ਦੀਆਂ ਜਾਂਚਾਂ ਕਰਵਾਉਣ ਦੇ ਯੋਗ ਹੋ?

| ਹਾਂ | ਨਹੀਂ | ਪਤਾ ਨਹੀਂ/ਲਾਗੂ ਨਹੀਂ |
|---|---|---|
| ○ | ○ | ○ |

ਜੇ ਤੁਸੀਂ ਹਾਂ ਵਿੱਚ ਜਵਾਬ ਦਿੱਤਾ ਹੈ, ਤਾਂ ਤੁਸੀਂ ਆਮ ਤੌਰ 'ਤੇ ਆਪਣੀਆਂ ਖੂਨ ਦੀਆਂ ਜਾਂਚਾਂ ਕਿੱਥੋਂ ਕਰਵਾਓਗੇ?

| | | | | | |
|---|---|---|---|---|---|
| GP | ○ | ਕਮਿਊਨਿਟੀ ਹੱਬ | ○ | ਸਥਾਨਕ ਮਾਹਰ ਕੇਂਦਰ/ਸਥਾਨਕ ਹਸਪਤਾਲ | ○ |

ਕੀ ਕੋਈ ਹੋਰ ਅਜਿਹੀ ਥਾਂ ਹੈ ਜਿੱਥੇ ਤੁਸੀਂ ਆਪਣੇ ਖੂਨ ਦੀਆਂ ਜਾਂਚਾਂ ਕਰਵਾਉਣ ਲਈ ਜਾਉਗੇ?

30. ਰਿਮੋਟ ਨਿਗਰਾਨੀ ਪ੍ਰਣਾਲੀਆਂ

ਕੀ ਤੁਸੀਂ ਕਿਸੇ ਰਿਮੋਟ ਨਿਗਰਾਨੀ ਪ੍ਰਣਾਲੀਆਂ ਦੀ ਵਰਤੋਂ ਕਰਦੇ ਹੋ (ਜਿਵੇਂ ਕਿ ਬਲੱਡ ਪ੍ਰੈਸ਼ਰ, ਦਿਲ ਦੀ ਧੜਕਣ ਸਪਾਈਰੋਮੈਟਰੀ)?

| ਹਾਂ | ਨਹੀਂ | ਪਤਾ ਨਹੀਂ |
|---|---|---|
| ○ | ○ | ○ |

ਜੇ ਤੁਸੀਂ ਹਾਂ ਵਿੱਚ ਜਵਾਬ ਦਿੱਤਾ ਹੈ, ਤਾਂ ਕਿਰਪਾ ਕਰਕੇ ਤੁਹਾਡੇ ਵੱਲੋਂ ਵਰਤੀ ਜਾਂਦੀ ਦੂਰੋਂ ਨਿਗਰਾਨੀ ਪ੍ਰਣਾਲੀ ਦੀ ਕਿਸਮ ਬਾਰੇ ਹੇਠਾਂ ਹੋਰ ਜਾਣਕਾਰੀ ਦਿਓ।

| |
|---|
| |

31. ਕੀ ਤੁਹਾਡੇ ਕੋਲ ਇਸ ਬਾਰੇ ਕੋਈ ਟਿੱਪਣੀ ਹੈ ਕਿ ਤੁਹਾਡੇ ਲਈ ਸਭ ਤੋਂ ਵਧੀਆ ਕੀ ਕੰਮ ਕਰੇਗਾ?

| |
|---|
| |

Scottish Government
Riaghaltas na h-Alba

© Crown copyright 2023

OGL

This publication is licensed under the terms of the Open Government Licence v3.0 except where otherwise stated. To view this licence, visit **nationalarchives.gov.uk/doc/open-government-licence/version/3** or write to the Information Policy Team, The National Archives, Kew, London TW9 4DU, or email: **psi@nationalarchives.gsi.gov.uk**

Where we have identified any third party copyright information you will need to obtain permission from the copyright holders concerned.

This publication is available at **www.gov.scot**

Any enquiries regarding this publication should be sent to us at

The Scottish Government
St Andrew's House
Edinburgh
EH1 3DG

ISBN: 978-1-83521-366-7

Published by The Scottish Government, September 2023

Produced for The Scottish Government by APS Group Scotland, 21 Tennant Street, Edinburgh EH6 5NA
PPDAS1338882 (09/23)